9

# ਬਾਈਬਲ ਦਾ ਅਖ਼ਤਿਆਰ

ਸਾਡਾ ਅਧਿਐਨ ਲਗਭਗ ਪੂਰਾ ਹੋ ਚੁੱਕਿਆ ਹੈ। ਹੁਣ ਤਕ, ਸਾਡਾ ਜ਼ੋਰ ਬਾਈਬਲ ਦੇ ਖ਼ੁਦਾ ਦੀ ਪ੍ਰੇਰਨਾ ਤੋਂ ਹੋਣ ਤੇ ਰਿਹਾ ਹੈ, ਪਰ ਖ਼ੁਦਾ ਦੀ ਪ੍ਰੇਰਨਾ ਦੇ ਤੱਥ ਵਿਚ ਬਾਈਬਲ ਦੇ ਅਖ਼ਤਿਆਰ ਦੀ ਗੱਲ ਵੀ ਹੈ। ਇਸ ਲਈ, ਇਸ ਅੰਤਮ ਪਾਠ ਵਿਚ ਅਖ਼ਤਿਆਰ 'ਤੇ ਜ਼ੋਰ ਦਿੱਤਾ ਜਾਵੇਗਾ।

## "ਵਚਨ ਦਾ ਪ੍ਰਚਾਰ ਕਰ"

ਰੋਮ ਦੀ ਮੈਮਰਟਾਈਨ ਜੇਲ੍ਹ ਵਿਚ ਮੌਤ ਦੀ ਉਡੀਕ ਕਰਦੇ ਪੌਲੁਸ ਦੇ ਹੁਕਮ ਤੋਂ ਗੰਭੀਰ ਕੋਈ ਹੁਕਮ ਨਹੀਂ ਹੈ। ਖ਼ੁਸ਼ਖ਼ਬਰੀ ਵਿਚ ਆਪਣੇ ਪਿਆਰੇ ਪੁੱਤਰ ਤਿਮੋਥਿਉਸ ਨੂੰ ਜੋ ਸਮੁੰਦਰ ਪਾਰ ਅਫ਼ਸਸ ਵਿਚ ਰੁਕਿਆ ਹੋਇਆ ਸੀ, ਉਹਨੇ ਹੁਕਮ ਦਿੱਤਾ ਸੀ। ਆਪਣੇ ਆਪ ਨੂੰ "ਮੈਂ ਬੁੱਢਾ ਪੌਲੁਸ" ਕਹਿੰਦੇ ਸਮੇਂ ਇਹ ਚੇਲਾ ਆਪਣੀ ਉਮਰ ਤੋਂ ਪੰਜ ਵੱਡਾ ਭਾਵ ਸਤਾਹਠ ਸਾਲਾਂ ਦਾ ਬਜ਼ੁਰਗ ਲਗਦਾ ਸੀ (ਫ਼ਿਲੇਮੋਨ 9)। ਬਜ਼ੁਰਗ ਨਜ਼ਰ ਆਉਣ ਵਾਲੇ ਇਸ ਆਦਮੀ ਦੇ ਸਰੀਰ 'ਤੇ ਯਿਸੂ ਦੇ ਦਾਗ਼ ਸਨ (ਗਲਾਤੀਆਂ 6:17)। ਇਹ ਦਾਗ਼ ਯਕੀਨਨ ਹੀ ਉਨ੍ਹਾਂ ਪੱਥਰਾਂ ਦੇ ਸਨ ਜੋ ਤਿਮੋਥਿਉਸ ਦੇ ਸ਼ਹਿਰ ਲੁਸਤਰਾ ਵਿਚ ਉਸ 'ਤੇ ਪਏ ਸਨ, ਜਿਨ੍ਹਾਂ ਤੋਂ ਉਹ ਜਵਾਨ ਵਾਕਫ਼ ਸੀ (ਰਸੂਲਾਂ ਦੇ ਕੰਮ 14:19; 2 ਤਿਮੋਥਿਉਸ 3:11)।

ਤਿਮੋਥਿਉਸ ਨਾਲ ਮਿਲਣ ਦੀ ਇਸ ਰਸੂਲ ਦੀ ਇੱਛਾ ਦੇ ਕਈ ਕਾਰਨ ਸਨ। ਆਪਣੇ ਆਪ ਨੂੰ ਮਿਲੀ ਮੌਤ ਦੀ ਸਜ਼ਾ ਲਈ ਅਪੀਲ ਕਰਨ ਦੀ ਕੋਈ ਸੰਭਾਵਨਾ ਨਹੀਂ ਸੀ।[1] ਮੌਤ ਲਈ ਬਸੰਤ ਰੁੱਤ ਦਾ ਸਮਾਂ ਤੈਅ ਹੋ ਚੁਕਾ ਸੀ ਅਤੇ ਪੌਲੁਸ ਨੇ ਆਪਣੇ ਸਾਹਮਣੇ ਪਈ ਸਿੱਲ੍ਹ ਭਰੀ ਕੋਠਰੀ ਵਿਚ ਆਪਣੇ ਆਖ਼ਰੀ ਦਿਨ ਕੱਟਣੇ ਸਨ। ਕੈਦੀਆਂ ਨੂੰ ਸੱਜਣਾਂ-ਦੋਸਤਾਂ ਤੋਂ ਮਿਲੀ ਮਦਦ 'ਤੇ ਨਿਰਭਰ ਰਹਿਣਾ ਪੈਂਦਾ ਸੀ (2 ਤਿਮੋਥਿਉਸ 1:16, 17) ਅਤੇ ਪੌਲੁਸ ਨੂੰ ਉਸ ਚੋਗੇ (ਯੂ: *phailones*) ਦੀ ਲੋੜ ਸੀ ਜਿਸ ਨੂੰ ਉਹ ਤ੍ਰੋਆਸ ਵਿਚ ਕਾਪਰੁਸ ਕੋਲ ਛੱਡ ਆਇਆ ਸੀ (2 ਤਿਮੋਥਿਉਸ 4:13)। ਇਸ ਕਰਕੇ ਉਹਨੇ ਤਿਮੋਥਿਉਸ ਨੂੰ "ਸਿਆਲ ਤੋਂ ਪਹਿਲਾਂ ਆਉਣ ਦਾ ਯਤਨ" ਕਰਨ ਦੀ ਬੇਨਤੀ ਕੀਤੀ ਸੀ (2 ਤਿਮੋਥਿਉਸ 4:21)।

ਪਰ ਤਿਮੋਥਿਉਸ ਨੂੰ ਬੁਲਾਉਣ ਦਾ ਉਹਦਾ ਖ਼ਾਸ ਮਕਸਦ ਉਸ ਜਵਾਨ ਦੇ ਮਨ ਵਿਚ ਕੋਈ ਗੱਲ ਹੋਰ ਗਹਿਰਾਈ ਨਾਲ ਪਾਉਣਾ ਸੀ। ਇਸ ਰਸੂਲ ਨੂੰ ਪੱਕਾ ਪਤਾ ਨਹੀਂ ਸੀ ਕਿ ਉਹ ਆਪਣੇ ਭਰੋਸੇਯੋਗ ਚੇਲੇ ਨਾਲ ਆਹਮੋ-ਸਾਹਮਣੇ ਮਿਲ ਪਾਏਗਾ ਜਾਂ ਨਹੀਂ, ਇਸ ਲਈ ਖ਼ੁਸ਼ਖ਼ਬਰੀ ਦੇ ਉਸ ਪ੍ਰਚਾਰਕ ਦੇ ਮਨ ਵਿਚ ਇਹ ਬਿਠਾਉਣ ਲਈ ਇਕ ਚਿੱਠੀ ਲਿਖਣ ਦਾ

ਫ਼ੈਸਲਾ ਲਿਆ ਕਿ *ਵਚਨ ਦਾ ਪ੍ਰਚਾਰ ਕਰ*।

ਪੌਲੁਸ ਲਈ ''ਵਚਨ ਦਾ ਪ੍ਰਚਾਰ ਕਰ'' (2 ਤਿਮੋਥਿਉਸ 4:2) ਲਿਖਣਾ ਹੀ ਬਹੁਤ ਗੰਭੀਰ ਗੱਲ ਹੋਵੇਗੀ। ਰੂਹਾਂ ਦੀ ਮੁਕਤੀ ਲਈ ਬਹੁਤ ਸਜ਼ਾ ਪਾਏ ਹੋਏ ਵਿਆਕੁਲ ਸਜ਼ਾ ਯਾਫ਼ਤਾ ਕੈਦੀ ਵੱਲੋਂ ਉਸ ਜਵਾਨ ਨੂੰ ਜਿਸ 'ਤੇ ਉਹ ਬਹੁਤ ਜ਼ਿੰਮੇਵਾਰੀ ਸੀ ਕਹੀਆਂ ਗਈਆ ਗੱਲਾਂ ਵਿੱਚੋਂ ਇਨ੍ਹਾਂ ਤਿੰਨ ਸ਼ਬਦਾਂ ਨੇ ਗੰਭੀਰਤਾ ਪੈਦਾ ਕੀਤੀ ਹੈ। ਪੌਲੁਸ ਨੇ ਇਸ ਹੁਕਮ ਨੂੰ ਤਿਮੋਥਿਉਸ ਨੂੰ ''ਪ੍ਰਮੇਸ਼ਵਰ ... ਦੇ ਸਾਹਮਣੇ'' ਦੇਣ ਦੀ ਗੱਲ ਕਹਿ ਕੇ ਹੋਰ ਵੀ ਗੰਭੀਰ ਬਣਾ ਦਿੱਤਾ (1 ਤਿਮੋਥਿਉਸ 6:13)। ਫਿਰ ਉਹਨੇ ਜੋੜ ਦਿੱਤਾ ਕਿ ਮਸੀਹ ਅਣਪੁੱਜ ਜੋਤ (ਯੂ: *epiphaneia*) ਵਿਚ ਜਿਊਂਦਿਆਂ ਅਤੇ ਮੁਰਦਿਆਂ ਸਭ ਦਾ ਨਿਆਂ ਕਰਕੇ ਆਪਣੇ ਰਾਜ ਦਾ ਆਖ਼ਰੀ ਸ਼ਾਹੀ ਫ਼ਰਜ਼ ਪੂਰਾ ਕਰੇਗਾ। ਯਕੀਨਨ ਹੀ, ''ਵਚਨ ਦਾ ਪ੍ਰਚਾਰ'' ਕਰਨ ਦਾ ਅਹਿਮ ਹੁਕਮ ਦੇਣ ਤੋਂ ਪਹਿਲਾਂ ਅਫ਼ਸੁਸ ਦੇ ਇਸ ਪ੍ਰਚਾਰਕ ਦਾ ਧਿਆਨ ਖਿੱਚਣ ਲਈ ਜੋ ਵੀ ਕਹਿਣਾ ਜ਼ਰੂਰੀ ਸੀ, ਉਹ ਪੌਲੁਸ ਨੇ ਕਹਿ ਦਿੱਤਾ ਸੀ।

## ''ਵਚਨ'' ਦਾ ਅਰਥ

ਅਫ਼ਸੁਸ ਵਿਚ ਇਹ ਹੁਕਮ (ਯੂ:*keruxon ton logon*, ਜਿਸ ਤੋਂ ਭਾਵ ''ਜਾਣਕਾਰੀ ਦੇਣਾ, ਸੰਦੇਸ਼ ਦਾ ਐਲਾਨ ਕਰਨਾ, ਵਚਨ ਦਾ ਪ੍ਰਚਾਰ ਕਰਨਾ'') ਮਿਲਣ ਅਤੇ ਤਿਮੋਥਿਉਸ ਵੱਲੋਂ ਪੜ੍ਹੇ ਜਾਣ ਤੇ ਮਨ ਵਿਚ ਕੀ ਵਿਚਾਰ ਆਇਆ ਹੋਵੇਗਾ। *Keruxon ton logon* ਸ਼ਬਦ ਪੜ੍ਹ ਕੇ ਤਿਮੋਥਿਉਸ ਦਾ ਧਿਆਨ ਕਿੱਧਰ ਗਿਆ ਹੋਵੇਗਾ? ''ਵਚਨ'' ਦਾ ਪ੍ਰਚਾਰ ਕਰਨ ਦੀ ਐਨੀ ਲੋੜ ਕਿਉਂ ਸੀ ਅਤੇ ਕਿਉਂ ਹੈ?

### ਸ੍ਰਿਸਟੀ ਅਤੇ ਇਹਦੇ ਬਣੇ ਰਹਿਣ ਦਾ ਵਚਨ?

ਉਹ ਵਚਨ ਕਿੰਨਾ ਸ਼ਕਤੀਸ਼ਾਲੀ ਸੀ ਜਿਸ ਨਾਲ ਇਹ ਜਗਤ ਹੋਂਦ ਵਿਚ ਆਇਆ: ''ਵਿਸ਼ਵਾਸ ਹੀ ਨਾਲ ਅਸੀਂ ਜਾਣ ਜਾਂਦੇ ਹਾਂ, ਕਿ ਸਾਰੀ ਸ੍ਰਿਸ਼ਟੀ ਦੀ ਰਚਨਾ ਪ੍ਰਮੇਸ਼ਵਰ ਦੇ ਵਚਨ ਰਾਹੀਂ ਹੋਈ ਹੈ। ਇਹ ਨਹੀਂ ਕਿ ਜੋ ਕੁਝ ਵੇਖਣ ਵਿਚ ਆਉਂਦਾ ਹੈ, ਉਹ ਵੇਖੀਆਂ ਹੋਈਆਂ ਵਸਤਾਂ ਤੋਂ ਬਣਿਆ ਹੋਵੇ'' (ਇਬਰਾਨੀਆਂ 11:3)। ਇਹ ਖ਼ੁਦਾ ਦਾ ਸਿਰਜਣ ਵਾਲਾ ਸ਼ਬਦ ਹੀ ਸੀ ਜਿਸ ਨੇ ਪਾਣੀ 'ਚੋਂ ਧਰਤੀ ਨੂੰ ਬਣਾਇਆ ਅਤੇ ਅਕਾਸ਼ ਦੀ ਰਚਨਾ ਕੀਤੀ (2 ਪਤਰਸ 3:5)। ''ਅਕਾਸ਼ ਮੰਡਲ ਯਹੋਵਾਹ ਦੇ ਵਚਨ ਨਾਲ ਅਤੇ ਬਾਕੀ ਚੀਜ਼ਾਂ ਉਹਦੇ ਮੂੰਹ ਦੇ ਸਾਹ ਨਾਲ ਬਣੇ। ... ਜਦ ਉਹਨੇ ਕਿਹਾ, ਤਦ ਹੋ ਗਿਆ, ਜਦ ਉਹਨੇ ਆਗਿਆ ਦਿੱਤੀ, ਤਦ ਸਚਮੁਚ ਅਜਿਹਾ ਹੋ ਗਿਆ'' (ਜ਼ਬੂਰ 33:6-9)।

ਖ਼ੁਦਾ ਦੇ ਮੂੰਹੋਂ ਨਿੱਕਲੀ ਗੱਲ ਦੀ ਸ਼ਕਤੀ ਜਿਸ ਤੋਂ ਸ੍ਰਿਸ਼ਟੀ ਦਾ ਅਰੰਭ ਹੋਇਆ ਅੱਜ ਵੀ ''ਉਹਦੀ ਸਮਰੱਥਾ ਦੇ ਵਚਨ'' ਸਭ ਵਸਤੂਆਂ ਨੂੰ ਸੰਭਾਲਣ ਵਿਚ ਵੇਖਿਆ ਜਾ ਸਕਦਾ ਹੈ (ਇਬਰਾਨੀਆਂ 1:3)। ''ਅਕਾਸ਼ ਅਤੇ ਧਰਤੀ ਓਸੇ ਸ਼ਬਦ ਨਾਲ'' (2 ਪਤਰਸ 3:7) ਨਿਆਂ ਦੇ ਦਿਨ ਤਕ ਸਾੜੇ ਜਾਣ ਲਈ ਰੱਖੇ ਗਏ ਹਨ। ਸ੍ਰਿਸ਼ਟੀ ਦਾ ਬਣਾਉਣ ਅਤੇ ਓਹਨੂੰ ਸੰਭਾਲੀ ਰੱਖਣ ਦਾ ਉਹਦਾ ਵਚਨ ਸਮਰੱਥਾ ਭਰਿਆ ਹੈ, ਪਰ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਪੌਲੁਸ ਤਿਮੋਥਿਉਸ ਨੂੰ ਹੁਕਮ ਦਿੰਦਿਆਂ ਖ਼ੁਦਾ ਦੇ ਵਚਨ ਦੇ ਉਸ ਪਹਿਲੂ 'ਤੇ ਚਰਚਾ ਕਰ ਰਿਹਾ ਹੋਵੇ।

### ਪੁਰਖਿਆਂ ਨੂੰ ਮਿਲਿਆ ਵਚਨ?

ਖ਼ੁਦਾ ਦਾ ਵਚਨ ਆਦਮ, ਕਾਇਨ, ਨੂਹ, ਅਬਰਾਹਾਮ ਅਤੇ ਹੋਰ ਪੁਰਖਿਆਂ ਕੋਲ ਆਇਆ ਸੀ (ਉਤਪਤ 2:16; 4:12; 6:14; 12:1)।[2] ਤਿਮੋਥਿਉਸ ਸਭ ਤੋਂ ਵਾਕਫ਼ ਸੀ (2 ਤਿਮੋਥਿਉਸ 3:15), ਪਰ ਅਜਿਹਾ ਕੋਈ ਸਬੂਤ ਨਹੀਂ ਹੈ ਕਿ ਤਿਮੋਥਿਉਸ ਨੂੰ ਵਚਨ ਦਾ ਪ੍ਰਚਾਰ ਕਰਨ ਲਈ ਲਿਖਣ ਸਮੇਂ ਪੌਲੁਸ ਨੇ ਪੁਰਾਣੇ ਨੇਮ ਦੀ ਗੱਲ ਕੀਤੀ ਹੋਵੇ।

### ਇਸਰਾਏਲ ਨੂੰ ਵਚਨ?

ਸੀਨਈ ਪਹਾੜ ਦੀ ਚੋਟੀ ਤੋਂ ਹੇਠਾਂ ਘਾਟੀ ਵਿਚ ਲੋਕਾਂ ਦੀ ਭੀੜ ਖ਼ੁਦਾ ਦੇ ਵਚਨ ਦੀ ਗੂੰਜ ਨਾਲ ਭੈਭੀਤ ਹੋ ਗਈ ਸੀ (ਕੂਚ 20:1-19)। ਬਾਅਦ ਵਿਚ, ਖ਼ੁਦਾ ਨੇ ਜੋ ਜ਼ਬਾਨੀ ਕਿਹਾ ਸੀ ਉਹਨੂੰ ਆਪਣੇ ਹੱਥੀਂ ਪੱਥਰ ਦੀਆਂ ਤਖ਼ਤੀਆਂ 'ਤੇ ਲਿਖ ਦਿੱਤਾ ਸੀ (ਕੂਚ 31:18; 34: 28, 29)। ਇਹਦੇ ਇਲਾਵਾ ਉਹਨੇ ਮੂਸਾ ਕੋਲੋਂ ਹੋਰ ਨਿਯਮਾਂ ਦੀ ਪੁਸਤਕ ਲਿਖਵਾਈ (ਕੂਚ 24:4; ਇਬਰਾਨੀਆਂ 9:19)। ਪੱਥਰਾਂ ਅਤੇ ਪੁਸਤਕ ਦੋਹਾਂ ਉੱਤੇ ਹੀ ਖ਼ੁਦਾ ਦਾ ਵਚਨ ਸੀ (ਕੂਚ 35:1)। ਮੂਸਾ ਜੋ ਕੁਝ ਪਹਾੜ ਤੋਂ ਲਿਆਇਆ ਸੀ, ਉਹ ਲਹੂ ਨਾਲ ਅਰਪਣ ਕੀਤਾ ਇਬਰਾਨੀ ਲੋਕਾਂ ਲਈ ਅਖ਼ਤਿਆਰ ਦਾ ਮਾਪਦੰਡ ਹੋਣਾ ਸੀ। ਇਸ ਵਿਚ ਨਾ ਤਾਂ ਕੁਝ ਜੋੜਿਆ ਜਾ ਸਕਦਾ ਸੀ ਅਤੇ ਨਾ ਹੀ ਇਸ ਵਿੱਚ ਕੁਝ ਘਟਾਇਆ ਜਾਣਾ ਸੀ (ਵਿਵਸਥਾਸਾਰ 4:2)। ਮੂਸਾ ਦੀ ਸ਼ਰ੍ਹਾ ਜਿਹੜੀ ਕਿ ਖ਼ੁਦਾ ਦਾ ਵਚਨ ਸੀ, ਨੂੰ ਤੁੱਛ ਜਾਣਨ ਵਾਲਿਆਂ ਦੀ ਮੌਤ ਹੋ ਜਾਣੀ ਸੀ (ਇਬਰਾਨੀਆਂ 10:28)। ਉਸ ਲਿਖਤ ਸ਼ਰ੍ਹਾ, ਜੋ ਮੂਸਾ ਰਾਹੀਂ ਦਿੱਤੀ ਗਈ, ਖ਼ੁਦਾ ਦਾ ਵਚਨ ਸੀ, ਨੂੰ ਛੱਡ, ਕਿਸੇ ਹੋਰ ਗੱਲ ਨੂੰ ਬੋਲਣ ਵਾਲਾ ਕੋਈ ਵੀ ਵਿਅਕਤੀ, ਖ਼ੁਦਾ ਦੀ ਸੱਚਾਈ ਦੇ ਬਿਨਾ ਬੋਲਦਾ ਸੀ। ਪਰ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਪੌਲੁਸ ਨੇ ਤਿਮੋਥਿਉਸ ਨੂੰ ਦਿੱਤੇ ਹੁਕਮ ਅਤੇ ਸ਼ਰ੍ਹਾ ਵਿਚ ਪ੍ਰਭੂ ਦੇ ਵਚਨ ਦੀ ਗੱਲ ਹੀ ਹੋਵੇ।

### ਵਚਨ ਇਕ ਵਿਅਕਤੀ ਦੇ ਰੂਪ ਵਿਚ?

ਇਸੇ ਤਰ੍ਹਾਂ, ਪੌਲੁਸ ਦੇ ਹੁਕਮ ਵਿਚ ਯੂਹੰਨਾ 1:1 ਦੇ ਵਚਨ ਅਰਥਾਤ *ਲੋਗੋਸ* ਦਾ ਵਿਸ਼ੇਸ਼ ਅਰਥ ਨਹੀਂ ਮਿਲਦਾ: ''ਆਦਿ ਵਿਚ ਸ਼ਬਦ ਸੀ ਅਤੇ ਸ਼ਬਦ ਪ੍ਰਮੇਸ਼ਵਰ ਦੇ ਨਾਲ ਸੀ, ਅਤੇ ਵਚਨ ਪ੍ਰਮੇਸ਼ਵਰ ਸੀ।'' ਯੂਹੰਨਾ 1:1 ਵਿਚਲਾ ਸ਼ਬਦ ਕੋਈ ਹੋਰ ਨਹੀਂ ਸਗੋਂ ਯਿਸੂ ਮਸੀਹ ਸੀ, ਜੋ ''ਦੇਹਧਾਰੀ'' ''ਹੋਇਆ: ਅਤੇ ... ਸਾਡੇ ਵਿਚ ਵਾਸ ਕੀਤਾ'' (ਯੂਹੰਨਾ 1:14)। ਇਹ ਸਹੀ ਹੈ ਕਿ ਤਿਮੋਥਿਉਸ ਨੂੰ ਮਸੀਹ ਦਾ ਪ੍ਰਚਾਰ ਕਰਨ ਲਈ ਕਿਹਾ ਗਿਆ ਸੀ (ਵੇਖੋ ਰਸੂਲਾਂ ਦੇ ਕੰਮ 8:5), ਪਰ 2 ਤਿਮੋਥਿਉਸ 4:2 ਵਿਚਲਾ ''ਵਚਨ'' ਮਸੀਹ ਦਾ ਗਿਆਨ ਜਾਂ ਉਹਦਾ ਪੈਗ਼ਾਮ ਲਗਦਾ ਹੈ ਜਿਸ ਦਾ ਪ੍ਰਚਾਰ ਤਿਮੋਥਿਉਸ ਨੇ ਕਰਨਾ ਸੀ। ਉਹਨੂੰ ''ਵਚਨ'' ਭਾਵ ਯਿਸੂ ਬਾਰੇ ਪ੍ਰਚਾਰ ਕਰਨ ਲਈ ਕਿਹਾ ਗਿਆ ਸੀ।

## ''ਵਚਨ'' ਦੀ ਗੱਲ

### ਰਾਜ ਦਾ ਵਚਨ

ਮਸੀਹ ਦੇ ਚੇਲੇ ਹੋਣ ਕਰਕੇ, ਪੌਲੁਸ ਅਤੇ ਤਿਮੋਥਿਉਸ ਦੋਹਾਂ ਹੀ ਉਸ ਵਚਨ ਦਾ ਪ੍ਰਚਾਰ

ਕਰਨਾ ਸੀ ਜਿਹਦਾ ਯਿਸੂ ਨੇ ਕੀਤਾ ਸੀ। ਮਰਕੁਸ 2:2 ਕਹਿੰਦਾ ਹੈ ਕਿ ਯਿਸੂ ''ਵਚਨ'' ਸੁਣਾ ਰਿਹਾ ਸੀ ਯਿਸੂ ਦਾ ਸੰਦੇਸ਼ ''ਰਾਜ ਦਾ ਵਚਨ'' ਸੀ (ਮੱਤੀ 13:19)। ਯਿਸੂ ਨੂੰ ਪਤਾ ਸੀ ਕਿ ਦਾਨੀਏਲ ਨੇ ਨਬੂਵਤ ਕੀਤੀ ਸੀ ਕਿ ਖ਼ੁਦਾ ਸਦਾ ਤਕ ਰਹਿਣ ਵਾਲਾ ਇਕ ਰਾਜ ਕਾਇਮ ਕਰੇਗਾ (ਦਾਨੀਏਲ 2:44); ਉਹ ਓਸੇ ਰਾਜ ਨੂੰ ਕਾਇਮ ਕਰਨ ਲਈ ਸਵਰਗ ਨੂੰ ਛੱਡ ਕੇ ਆਇਆ ਸੀ। ''... ਮੈਂ ਇਸੇ ਲਈ ਜਨਮ ਧਾਰਿਆ ਅਤੇ ਇਸੇ ਲਈ ਜਗਤ ਵਿਚ ਆਇਆ ਹਾਂ'' (ਯੂਹੰਨਾ 18:37)। ਉਹਨੇ ਐਲਾਨ ਕੀਤਾ ਕਿ, ''ਸਮਾਂ ਪੂਰਾ ਹੋਇਆ ਹੈ ਅਤੇ ਪ੍ਰਮੇਸ਼ਵਰ ਦਾ ਰਾਜ ਨੇੜੇ ਆ ਗਿਆ ਹੈ'' (ਮਰਕੁਸ 1:15)। ਇਸ ਲਈ ਉਹ ਤਿੰਨ ਸਾਲ ਤਕ ਫਿਰਦੇ ਹੋਏ ''ਉਨ੍ਹਾਂ ਦੀਆਂ ਸਭਾਵਾਂ ਵਿਚ ਉਪਦੇਸ਼ ਕਰਨਾ ਅਤੇ ਰਾਜ ਦੀ ਖ਼ੁਸ਼ਖ਼ਬਰੀ ਦਾ ਪ੍ਰਚਾਰ ਕਰਦਾ'' ਰਿਹਾ (ਮੱਤੀ 4:23)। 29 ਈ. ਵਿਚ ਰਾਜ ਐਨਾ ਨਜ਼ਦੀਕ ਸੀ ਕਿ ਯਿਸੂ ਨੇ ਨਬੂਵਤ ਕੀਤੀ ਕਿ, ''... ਜਿਹੜੇ ਐਥੇ ਖੜੇ ਹਨ, ਉਨ੍ਹਾਂ ਵਿੱਚੋਂ ਕਈ ਅਜਿਹੇ ਹਨ, ਕਿ ਜਦ ਤਕ ਪ੍ਰਮੇਸ਼ਵਰ ਦੇ ਰਾਜ ਨੂੰ ਕੁਦਰਤ ਨਾਲ ਆਇਆ ਹੋਇਆ ਨਾ ਵੇਖ ਲੈਣ ਮੌਤ ਦਾ ਸਵਾਦ ਨਾ ਚੱਖਣਗੇ'' (ਮਰਕੁਸ 9:1)।

ਯਿਸੂ ਦੀ ਨਿਜੀ ਸੇਵਕਾਈ ਦੇ ਤਿੰਨ ਸਾਲਾਂ ਦੇ ਦੌਰਾਨ (27-30 ਈਸਵੀ) ਤਿਆਰੀ ਦੇ ਰੂਪ ਵਿਚ ਯਿਸੂ ਅਤੇ ਯੂਹੰਨਾ ਦੀਆ ਸਿੱਖਿਆਵਾਂ ਦੇ ਅਨੁਸਾਰ ਡੁਬਕੀ ਲੈਣ ਵਾਲੇ (ਮੱਤੀ 3:1-6; ਯੂਹੰਨਾ 4:1, 2) ਰਾਜ ਵਿਚ ਦਾਖ਼ਲ ਹੋ ਰਹੇ ਸਨ (ਵੇਖੋ ਲੂਕਾ 16:16)। ਉਹ ਪ੍ਰਭੂ ਲਈ ਤਿਆਰੀ ਕਰਦੇ ਹੋਏ (ਲੂਕਾ 1:17) ਪਾਣੀ ਅਤੇ ਆਤਮਾ ਤੋਂ ਨਵੇਂ ਸਿਰੇ ਤੋਂ ਜਨਮ ਲੈ ਰਹੇ ਸਨ (ਯੂਹੰਨਾ 3:5)। ਪਰ ਹਕੀਕਤ 'ਚ ਜਦ ਤਕ ਯਿਸੂ ਨੂੰ ਸਵਰਗ ਅਤੇ ਧਰਤੀ ਦਾ ਸਾਰਾ ਅਖ਼ਤਿਆਰ ਨਹੀਂ ਮਿਲਿਆ ਅਤੇ ਉਹ ਸਿੰਘਾਸਣ 'ਤੇ ਬੈਠਣ ਲਈ ਸਵਰਗ ਵਿਚ ਨਹੀਂ ਉਠਾਇਆ ਗਿਆ ਤਦ ਤਕ ਰਾਜ ਕਾਇਮ ਨਹੀਂ ਹੋਇਆ ਸੀ (ਮੱਤੀ 28:18; ਰਸੂਲਾਂ ਦੇ ਕੰਮ 2:29, 30)।

ਰਾਜ ਜਿਸ ਦਾ ਯਿਸੂ ਨੇ ਪ੍ਰਚਾਰ ਕੀਤਾ ਸੀ ਉਹ ਨਿਰਾਲਾ ਸੀ। ਉਹ ਇਸ ਜਗਤ ਦਾ ਨਹੀਂ ਬਲਕਿ ਸਵਰਗ ਦਾ ਰਾਜ ਹੋਣਾ ਸੀ (ਯੂਹੰਨਾ 18:36; ਮੱਤੀ 4:17): ''ਸਵਰਗ ਦਾ ਰਾਜ ਨੇੜੇ ਹੈ।'' ਇਹਦੀ ਸ਼ਕਤੀ ਲੋਹੇ ਦੇ ਹਥਿਆਰ ਵਿਚ ਨਹੀਂ ਸਗੋਂ ਪ੍ਰੇਮ ਦੀ ਸਮਰੱਥ ਵਿਚ ਸੀ (ਮੱਤੀ 5:44)। ਇਸ ਵਿਚ ਘਮੰਡ ਨਹੀਂ ਸੀ ਸਗੋਂ ਦੀਨਤਾ ਹੋਣੀ ਸੀ (ਮੱਤੀ 5:5)। ਇਸ ਵਿਚ ਜ਼ੋਰ ਲੈਣਾ ਨਹੀਂ ਸਗੋਂ ਦੇਣਾ ਸੀ (ਮੱਤੀ 10:8)। ਇਸ ਨੇ ਵਿਖਾਈ ਦੇਣ ਵਾਲਾ ਜਾਂ ਛੂਹਣ ਯੋਗ ਨਹੀਂ ਸਗੋਂ ਲੋਕਾਂ ਦੇ ਦਿਲਾਂ ਵਿਚ ਰਹਿਣ ਵਾਲਾ ਹੋਣਾ ਸੀ (ਵੇਖੋ ਲੂਕਾ 17:21; ਯੂਹੰਨਾ 18:36)। ਇਹਦੇ ਨਿਯਮ ਦਿਆ, ਸ਼ਾਂਤੀ ਅਤੇ ਧਾਰਮਿਕਤਾ ਸਨ (ਮੱਤੀ 5:3-9)। ਸਚਮੁਚ ਇਹ ਰਾਜ ਜੀਵਨ ਦੇ ਬਾਅਦ ਸਵਰਗੀ ਰਾਜ ਦਾ ਪੂਰਵ ਸਵਾਦ ਸੀ।

ਯਿਸੂ ਦੇ ਉੱਪਰ ਉਠਾਏ ਜਾਣ ਦੇ ਬਾਅਦ ਪਹਿਲੇ ਪੈਂਟੀਕਾਸਟ ਵਾਲੇ ਦਿਨ ਰਾਜ ਦੇ ਹੋਂਦ ਵਿਚ ਆਉਣ ਦਾ ਅਸਲ ਸਮਾਂ ਦੱਸਿਆ ਜਾਂਦਾ ਸੀ। ਉਸ ਦਿਨ ਤਾਜਪੋਸ਼ੀ ਹੋਣ ਵਾਲੇ ਰਾਜੇ ਨੂੰ ਜਿਹੜਾ ਹੁਣ ਸਵਰਗ ਵਿਚ ਹੈ ''ਖ਼ੁਸ਼ੀ ਦੇ ਤੇਲ ਨਾਲ'' (ਇਬਰਾਨੀਆਂ 1:9) ਉਹਦੇ ਪਿਤਾ ਨੇ ਮਸਹ ਕੀਤਾ ਸੀ। ਤਾਜਪੋਸ਼ੀ ਦੇ ਬਾਅਦ ਉਹਦਾ ਪਹਿਲਾ ਸ਼ਾਹੀ ਕਾਰਜ ਆਪਣੇ-ਆਪਣੇ ਰਾਜਦੂਤਾਂ ਭਾਵ ਆਪਣੇ ਚੇਲਿਆਂ ਕੋਲ ਰਾਜੇ ਦੇ ਅਖ਼ਤਿਆਰ ਨਾਲ ਕੰਮ ਕਰਨ ਲਈ ਪਵਿੱਤਰ ਆਤਮਾ ਭੇਜਣਾ ਸੀ (ਰਸੂਲਾਂ ਦੇ ਕੰਮ 2:33; 2 ਕੁਰਿੰਥੀਆਂ 5:20)। ਫਿਰ ਉਨ੍ਹਾਂ ਰਾਜਦੂਤਾਂ ਨੇ ਧਰਤੀ ਦੇ ਬੰਨੇ ਤਕ ਐਲਾਨ ਕਰਨਾ ਸੀ ਕਿ ਉਸ ਸਮੇਂ ਰੋਮ ਵਿਚ ਸੰਸਾਰਕ

ਰਾਜਿਆਂ ਦੇ ਇਲਾਵਾ, ਇਕ ਹੋਰ ਵੀ ਰਾਜਾ ਭਾਵ ''ਯਿਸੂ ਰਾਜਾ ਹੈ'' (ਰਸੂਲਾਂ ਦੇ ਕੰਮ 17:7)। ਜਿੱਥੇ ਵੀ ਪਾਪੀਆਂ ਨੇ ਵਡਿਆਈ ਪਾਏ ਹੋਏ ਮਸੀਹ ਦਾ ''ਵਚਨ'' (ਰਸੂਲਾਂ ਦੇ ਕੰਮ 2:41) ਖ਼ੁਸ਼ੀ ਨਾਲ ਕਬੂਲ ਕੀਤਾ, ਉਨ੍ਹਾਂ ਨੂੰ ਡੁਬਕੀ ਦਾ ਬਪਤਿਸਮਾ ਦਿੱਤਾ ਗਿਆ। ''ਵਚਨ'' (ਯਾਕੂਬ: 1:18; ਵੇਖੋ 1 ਪਤਰਸ 1:23, 24) ਨਾਲ ਪੈਦਾ ਹੋਏ ਹਜ਼ਾਰਾਂ ਲੋਕਾਂ ਨੂੰ ਪਾਣੀ ਅਤੇ ਆਤਮਾ ਤੋਂ ਜਨਮ ਲੈਣ ਦੀ ਗੱਲ ਪੂਰਾ ਕਰਨ ਲਈ ਪਾਣੀ ਦੇ ਤਲਾਬਾਂ ਵਿਚ ਲਿਜਾਇਆ ਗਿਆ (ਯੂਹੰਨਾ 3:5)।

ਜਦ ਵੀ ''ਵਚਨ'' ਦਾ ਪ੍ਰਚਾਰ ਹੋਇਆ, ਉਹ ਮਸੀਹ ਦਾ ਹੀ ਪ੍ਰਚਾਰ ਸੀ (ਰਸੂਲਾਂ ਦੇ ਕੰਮ 8:5), ਅਤੇ ਇਹ ''ਪ੍ਰਮੇਸ਼ਵਰ ਦੇ ਰਾਜ ... ਦੀ ਖ਼ੁਸ਼ਖ਼ਬਰੀ'' ਸੀ (ਰਸੂਲਾਂ ਦੇ ਕੰਮ 8:12)। ਡੁਬਕੀ ਦਾ ਬਪਤਿਸਮਾ ਲੈਣ ਨਾਲ, ਪਾਪੀਆਂ ਨੂੰ ਅੰਧਕਾਰ ਦੇ ਵਸ ਵਿੱਚੋਂ ਖ਼ੁਦਾ ਦੇ ਪਿਆਰੇ ਪੁੱਤਰ ਦੇ ਰਾਜ ਵਿਚ ਬਦਲ ਦਿੱਤਾ ਜਾਂਦਾ ਸੀ (ਕੁਲੁੱਸੀਆਂ 1:13)। ਧਰਤੀ ਤੇ ਵਫ਼ਾਦਾਰੀ ਨਾਲ ਰਾਜ ਵਿਚ ਵਿਸ਼ਵਾਸ ਦੀ ਸੇਵਾ ਇਹਦੇ ਲੋਕਾਂ ਨੂੰ ਭਰੋਸਾ ਦੁਆਵੇਗੀ ਕਿ ਕਈ ਕਲੇਸ਼ ਸਹਿਣ ਦੇ ਬਾਅਦ ਉਨ੍ਹਾਂ ਨੂੰ ਉੱਤਮ ਸੰਸਾਰ ਵਿਚ ''ਖ਼ੁਦਾ ਦੇ ਰਾਜ ਵਿਚ ਜਾਣਾ'' ਮਿਲੇਗਾ (ਰਸੂਲਾਂ ਦੇ ਕੰਮ 14:22)। ਇੰਜ ਇਹ ਸਪੱਸ਼ਟ ਹੁੰਦਾ ਹੈ ਕਿ ਤਿਮੋਥਿਉਸ ਨੂੰ ਹੁਕਮ ਦੇਣ ਸਮੇਂ ਪੌਲੁਸ ਦੇ ਮਨ ਵਿਚ ਉਹ ''ਵਚਨ'' ਸੀ ਜਿਹ ਦਾ ਪ੍ਰਚਾਰ ਯਿਸੂ ਨੇ ''ਰਾਜ ਦਾ ਵਚਨ'' (ਮੱਤੀ 13:19) ਦੇ ਰੂਪ ਵਿਚ ਕੀਤਾ ਗਿਆ ਸੀ। ਉਸ ਰਾਜ ਨਾਲ ਜੁੜੀ ਹਰ ਗੱਲ ਤਿਮੋਥਿਉਸ ਦੇ ਪ੍ਰਚਾਰ ਵਿਚ ਸ਼ਾਮਿਲ ਹੋਣੀ ਸੀ।

**ਨਵੇਂ ਨੇਮ ਦੀਆਂ ਕਿਤਾਬਾਂ**

ਰਾਜੇ ਦੇ ਭੇਜੇ ਹੋਏ ਪਵਿੱਤਰ ਆਤਮਾ ਨੇ ਮੱਤੀ, ਯੂਹੰਨਾ ਅਤੇ ਪਤਰਸ ਵਰਗੇ ਚੇਲਿਆਂ ਨੂੰ ਸਾਰੀ ਸੱਚਾਈ ਵਿਚ ਅਗਵਾਈ ਕੀਤੀ ਸੀ (ਯੂਹੰਨਾ 16:13)। ਆਤਮਾ ਨੇ ਮਰਕੁਸ, ਲੂਕਾ, ਯਾਕੂਬ ਅਤੇ ਯਹੂਦਾ ਵਰਗੇ ਨਬੀਆਂ ਨੂੰ (ਰਸੂਲਾਂ ਦੇ ਕੰਮ 13:1, 2) ਅਤੇ ਪੌਲੁਸ ਦੇ ਹਰ ਸ਼ਬਦ ਬੋਲਣ (1 ਕੁਰਿੰਥੀਆਂ 2:13) ਅਤੇ ਘੱਟੋ-ਘੱਟ 12 ਕਿਤਾਬਾਂ ਲਿਖਣ (1 ਕੁਰਿੰਥੀਆਂ 14:37) ਵਿਚ ਵੀ ਅਗਵਾਈ ਕੀਤੀ। ਜੇ ਇਹ ਸਭ (ਯੂਹੰਨਾ ਦੇ ਲੇਖਾਂ ਦੇ ਅਪਵਾਦ ਨਾਲ) ਤਿਮੋਥਿਉਸ ਨੂੰ ਪੌਲੁਸ ਤੋਂ ਹੁਕਮ ਮਿਲਣ ਤਕ ਪੂਰਾ ਹੋ ਗਿਆ ਸੀ, ਤਾਂ ਕਾਫ਼ੀ ''ਵਚਨ'' ਲਿਖਤੀ ਰੂਪ ਵਿਚ ਮਿਲ ਚੁੱਕਾ ਸੀ ਜਿਸ ਤੋਂ ਉਹ ਜਵਾਨ ਪ੍ਰਚਾਰਕ ਪ੍ਰਚਾਰ ਕਰਦਾ ਸੀ। ਅਮਲੀ ਤੌਰ 'ਤੇ ਲਗਭਗ 96 ਈਸਵੀ ਤੋਂ ''ਵਚਨ'' ਨਵੇਂ ਨੇਮ ਦੇ ਰੂਪ ਵਿਚ ਮੌਜੂਦ ਹੈ ਜਿਸ ਤੋਂ ਖ਼ੁਸ਼ਖ਼ਬਰੀ ਦੇ ਸੇਵਕ ਆਪਣੇ ਪ੍ਰਚਾਰ ਦੀ ਸਮੱਗਰੀ ਲੈ ਸਕਦੇ ਹਨ।

ਖ਼ੁਦਾ ਦੇ ਉਸ ਜਾਨ ਵਿਚ ਸਹੀ ਵਿਹਾਰ ਵਿਖਾਈ ਦਿੰਦਾ ਹੈ ਜਿਹੜਾ ਪ੍ਰਕਾਸ਼ ਦੀ ਪੋਥੀ ਦੀ ਪੁਸਤਕ ਵਿਚ (ਪ੍ਰਕਾਸ਼ ਦੀ ਪੋਥੀ 22:18, 19) ਜਾਂ ਸਤਾਈ ਕਿਤਾਬਾਂ ਵਿੱਚੋਂ ਕਿਸੇ ਵਿੱਚੋਂ ਵੀ ਜੋੜਨ ਜਾਂ ਘਟਾਉਣ ਤੋਂ ਡਰਦਾ ਹੈ। ਉਹ ਨੇ ਮਸੀਹ ਦੀ ਸਿੱਖਿਆ ਤੋਂ ਅੱਗੇ ਨਾ ਜਾਣ ਦਾ ਧਾਰਿਆ ਹੋਇਆ ਹੈ (2 ਯੂਹੰਨਾ 9-11)। ''ਮਸੀਹ ਦੀ ਸਿੱਖਿਆ'' ਨੂੰ ਮਸੀਹ ਦੇ ਖ਼ੁਦਾ ਹੋਣ ਨੂੰ ਦੱਸਣ ਲਈ ਇਨ੍ਹਾਂ ਕਿਤਾਬਾਂ 'ਚੋਂ ਬਾਹਰ ਨਹੀਂ ਜਾਵੇਗਾ। ਇਹ ਸੱਚ ਹੈ ਕਿਉਂਕਿ ਮਸੀਹ ਦੀ ਖ਼ੁਦਾਈ ਵਿਚ ਉਹਦਾ ਅਖ਼ਤਿਆਰ ਸ਼ਾਮਿਲ ਸੀ (ਮੱਤੀ 28:18; 1 ਪਤਰਸ 3:22) ਅਤੇ ਉਹਨੇ ਬੰਨ੍ਹਣ ਅਤੇ ਖੋਲ੍ਹਣ ਦਾ ਅਖ਼ਤਿਆਰ ਰਸੂਲਾਂ ਨੂੰ ਦਿੱਤਾ (ਮੱਤੀ 16:19)। ਰਸੂਲਾਂ ਨੇ ਨਵੇਂ ਨੇਮ ਦੀ ਹਰ ਕਿਤਾਬ ਲਿਖੀ ਜਾਂ ਲਿਖਵਾਈ। ਉਨ੍ਹਾਂ ਦੇ ਬਨ੍ਹਣ ਅਤੇ ਖੋਲ੍ਹਣ ਦਾ

ਅਖ਼ਤਿਆਰ ਉਨ੍ਹਾਂ ਕਿਤਾਬਾਂ ਵਿਚ ਹੀ ਹੈ, ਉਨ੍ਹਾਂ ਤੋਂ ਬਾਹਰ ਨਹੀਂ। ਰਸੂਲਾਂ ਦੀ ਸਿੱਖਿਆ ਨੂੰ ਨਕਾਰਨ ਦਾ ਮਤਲਬ (ਰਸੂਲਾਂ ਦੇ ਕੰਮ 2:42) ਮਸੀਹ ਨੂੰ ਨਕਾਰਨਾ ਹੀ ਹੈ (ਲੂਕਾ 10:16; ਵੇਖੋ 1 ਯੂਹੰਨਾ 4:6)। ਉਨ੍ਹਾਂ ਦਾ ਵਚਨ ਖ਼ੁਦਾ ਦਾ ਵਚਨ ਬਣ ਗਿਆ ਅਤੇ ਉਹਦਾ ਵਚਨ ਨਿਆਂ ਕਰਨ ਵਾਲਾ ਵਚਨ ਹੈ (ਯੂਹੰਨਾ 12:48)।[2]

ਇਸ ਤੋਂ ਪਤਾ ਲਗਦਾ ਹੈ ਕਿ ਨਿਆਂ ਦੇ ਦਿਨ ਜਿਨ੍ਹਾਂ ਕਿਤਾਬਾਂ ਵਿੱਚੋਂ ਸਾਡੀਆਂ ਰੂਹਾਂ ਦਾ ਨਿਆਂ ਹੋਵੇਗਾ, ਉਹ ਬਾਈਬਲ ਦੀਆਂ ਕਿਤਾਬਾਂ ਹਨ (ਵੇਖੋ ਪ੍ਰਕਾਸ਼ ਦੀ ਪੋਥੀ 20:12)। ਉਨ੍ਹਾਂ ਕਿਤਾਬਾਂ ਤੋਂ ਬਾਹਰ ਮੁਰਦਿਆਂ ਦਾ ਨਿਆਂ ਉਨ੍ਹਾਂ ਦੇ ਕੰਮਾਂ ਅਨੁਸਾਰ ਹੋਵੇਗਾ। ਅਕਾਸ਼ ਅਤੇ ਧਰਤੀ ਟਲ ਜਾਣਗੇ ਪਰ ਬਾਈਬਲ ਦੀਆਂ ਕਿਤਾਬਾਂ ਅਟੱਲ ਹਨ (ਮੱਤੀ 24:35)। ਅੱਜ ''ਉਹਦੇ ਕਿਰਪਾ ਦੇ ਵਚਨ'' (ਰਸੂਲਾਂ ਦੇ ਕੰਮ 20:32) ਵਿਚ ਰਾਜ ਦੇ ਨਾਗਰਿਕਾਂ ਦੀ ਬਣਾਉਣ ਅਤੇ ਸੁਧਾਰਨ ਅਤੇ ਉਨ੍ਹਾਂ ਅਲੱਗ ਕੀਤੇ ਹੋਇਆਂ ਵਿਚ ਮੀਰਾਸ ਦੇਣ ਲਈ ਖ਼ੁਦਾ ਦੀ ਪ੍ਰੇਰਣਾ ਨਾਲ ਸਤਾਈ ਦਸਤਾਵੇਜ਼ਾਂ ਤੋਂ ਘੱਟ ਨਾ ਵੱਧ ਦਿੱਤੇ ਗਏ ਹਨ (ਰਸੂਲਾਂ ਦੇ ਕੰਮ 20:32)।

## ਵਚਨ ਦੇ ਪ੍ਰਚਾਰ ਵਿਚ ਸ਼ਾਮਿਲ ਵਿਸ਼ੇ

ਸਤਾਈ ਦੀਆਂ ਸਤਾਈ ਕਿਤਾਬਾਂ ''ਖ਼ੁਦਾ ਦੀ ਪ੍ਰੇਰਣਾ'' (2 ਤਿਮੋਥਿਉਸ 3:16) ਨਾਲ ਦਿੱਤੇ ਹੋਣ ਦੇ ਗੁਣ ਨੂੰ ਪੂਰਾ ਕਰਦੀਆਂ ਹਨ ਇਸ ਲਈ ਉਨ੍ਹਾਂ ਵਿਚ ਦਿੱਤਾ ਗਿਆ ਹਰ ਵਿਸ਼ਾ ਉਪਦੇਸ਼, ਸਮਝਾਉਣ, ਸੁਧਾਰਨ ਅਤੇ ਧਰਮ ਦੀ ਸਿੱਖਿਆ ਦੇਣ ਲਈ ਲਾਭਦਾਇਕ ਹੈ, ਤਾਂਕਿ ਖ਼ੁਦਾ ਦਾ ਜਨ ਸਿੱਧ ਬਣੇ ਅਤੇ ਹਰ ਇਕ ਭਲੇ ਕੰਮ ਲਈ ਪੂਰੀ ਤਰ੍ਹਾਂ ਤਿਆਰ ਹੋ ਜਾਏ। ਕਿੰਨਾ ਮੁਬਾਰਕ ਹੈ ਉਹ ਪ੍ਰਚਾਰਕ, ਜਿਹੜਾ ਆਪਣੀ ਸੇਵਕਾਈ ਦੇ ਅਖੀਰ ਵਿਚ ਸ਼ੁੱਧ ਅੰਤਹਕਰਨ ਨਾਲ ਕਹਿ ਸਕੇ ਕਿ ਉਹਨੇ ਜੋ ਵੀ ਲਾਭ ਦਾ ਸੀ, ਉਹਨੂੰ ਆਪਣੇ ਤਕ ਨਹੀਂ ਰਖਿਆ। ਵਿਸ਼ਵਾਸੀ ਪ੍ਰਚਾਰਕ ਖ਼ੁਦਾ ਦੀ ਸਾਰੀ ਮਨਸ਼ਾ ਦਾ ਪ੍ਰਚਾਰ ਕਰਦਾ ਹੈ, ਇਸ ਲਈ ਉਹ ਸਭ ਲੋਕਾਂ ਦੇ ਲਹੂ ਤੋਂ ਅਜ਼ਾਦ ਹੈ (ਰਸੂਲਾਂ ਦੇ ਕੰਮ 20:20-27)।

### ਬਾਈਬਲ ਦੀ ਪ੍ਰੇਰਣਾ

ਜਿਵੇਂ ਕਿ ਪੂਰੇ ਅਧਿਐਨ ਵਿਚ ਜ਼ੋਰ ਦਿੱਤਾ ਗਿਆ ਹੈ; ਬਾਈਬਲ ਵਿਚ ਸ਼ਾਮਿਲ ਵਿਸ਼ਿਆਂ ਅਤੇ ਵਚਨ ਦੇ ਪ੍ਰਚਾਰ ਵਿੱਚੋਂ ਅੱਜ ਜਿਸ ਉੱਤੇ ਬਹੁਤ ਜ਼ੋਰ ਦੇਣ ਦੀ ਲੋੜ ਹੈ ਉਹ ਹੈ ਕਿ ਬਾਈਬਲ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੀ ਗਈ। ਜੇ ਇਹਦੀ ਪ੍ਰੇਰਣਾ ਵਿਲੀਅਮ ਸ਼ੇਕਸਪੀਅਰ ਦੇ ਨਾਟਕ ਜਾਂ ਜੌਨ ਮਿਲਟਨ ਦੇ ਗੱਧ ਜਾਂ ਐਲਡਰ ਟੈਨੀਸਨ ਦੀਆਂ ਕਵਿਤਾਵਾਂ ਤੋਂ ਵੱਧ ਨਹੀਂ ਹੈ, ਤਾਂ ਬਾਈਬਲ ਪੂਰੀ ਤਰ੍ਹਾਂ ਨਾਲ ਇਕ ਦੁਨਿਆਵੀ ਕਿਤਾਬ ਹੈ ਇਸ ਲਈ ਇਹਦਾ ਪ੍ਰਚਾਰ ਅਖ਼ਤਿਆਰ ਨਾਲ ਨਹੀਂ ਸੁਣਾਇਆ ਜਾ ਸਕਦਾ, ''ਕਿਉਂਕਿ ਮਨੁੱਖ ਦਾ ਮਾਰਗ ਉਹਦੇ ਵੱਸ ਵਿਚ ਨਹੀਂ ਹੈ'' (ਯਿਰਮਿਯਾਹ 10:23) ਇਸ ਲਈ ਮਨੁੱਖ ਵੱਲੋਂ ਨਿੱਕਲੀ ਬਾਈਬਲ ਨੇ ਤਾਂ ਮਨੁੱਖ ਜਾਤੀ ਨੂੰ ਬਿਲਕੁਲ ਨਿਰਾਸ਼ਾ ਵਿਚ ਹੀ ਰੱਖਣਾ ਸੀ। ਬਾਈਬਲ ''[ਮਨੁੱਖ] ਦੇ ਪੈਰਾਂ ਲਈ ਦੀਪਕ ਅਤੇ [ਉਹਦੇ] ਮਾਰਗ ਲਈ ਉਜਿਆਲਾ ਹੈ'' (ਜ਼ਬੂਰ 119:105)। ਜੇ ਇਹ ਪੂਰੀ ਤਰ੍ਹਾਂ ਨਾਲ ਮਨੁੱਖ ਦਾ ਦਿੱਤਾ ਹੋਇਆ ਉਜਿਆਲਾ ਹੁੰਦਾ ਤਾਂ ਲੋਕਾਂ ਨੂੰ ਇਕ ਭਰੋਸੇਯੋਗ ਗਾਈਡ ਮੰਨ ਕੇ ਨਵੇਂ ਅਤੇ ਪੁਰਾਣੇ ਨੇਮ ਦੀਆਂ ਛਿਆਹਠ ਪੁਸਤਕਾਂ ਨੂੰ ਮੰਨਣਾ ਪੈਂਦਾ।

ਇਨ੍ਹਾਂ ਕਿਤਾਬਾਂ ਨੂੰ ਵਜੂਦ ਵਿਚ ਲਿਆਉਣ ਲਈ ਚਾਲੀ ਦੇ ਕਰੀਬ ਮਨੁੱਖੀ ਲੇਖਕਾਂ ਨੇ ਮਦਦ ਕੀਤੀ, ਪਰ ਇਨ੍ਹਾਂ ਲੇਖਕਾਂ ਦੇ ਕੰਮਾਂ ਦਾ ਨਿਰੀਖਣ ਕਰਨ ਤੋਂ ਇਲਾਵਾ ਆਤਮਾ ਉਨ੍ਹਾਂ ਤੋਂ ਲਿਖਵਾਉਣਾ ਸੀ (2 ਪਤਰਸ 1:21)। ਕੁਝ ਲੋਕ ਅੰਗ੍ਰੇਜ਼ੀ ਦੇ ਕਿੰਗ ਜੇਮਸ ਵਰਜ਼ਨ ਦੇ 2 ਪਤਰਸ 1:20 ਦੀ ਵਿਆਖਿਆ ਇਹ ਅਰਥ ਕੱਢਣ ਲਈ ਕਰਦੇ ਹਨ ਕਿ ਕਿਸੇ ਆਇਤ ਦਾ ਅਰਥ ਆਪਣੀ ਮਰਜ਼ੀ ਨਾਲ ਨਹੀਂ ਕੱਢਣਾ ਚਾਹੀਦਾ ਹੈ। ਸੱਚ ਤਾਂ ਇਹ ਹੈ ਕਿ ਹਰ ਸਿਖਾਉਣ ਵਾਲਾ ਜੋ ਵੀ ਸਿਖਾ ਰਿਹਾ ਹੁੰਦਾ ਹੈ, ਉਹ ਖ਼ੁਦ ਹੀ ਆਪਣੀ ਵਿਆਖਿਆ ਆਪਣੀ ਮਰਜ਼ੀ ਅਨੁਸਾਰ ਕਰਦਾ ਹੈ ਅਤੇ ਉਹ ਨੂੰ ਅਜਿਹਾ ਹੀ ਕਰਨਾ ਚਾਹੀਦਾ ਹੈ।

ਅਜ਼ਰਾ ਅਤੇ ਉਹਦੇ ਸਾਥੀ ਸਿਖਾਉਣ ਵਾਲਿਆਂ ਨੇ ''ਮਨੁੱਖਾਂ ਅਤੇ ਤੀਵੀਆਂ ਦੀ ਸਭਾ ਅੱਗੇ ਜਿਹੜੇ ਸੁਣ ਕੇ ਸਮਝ ਸਕਦੇ ਹਨ'' (ਨਹਮਯਾਹ 8:2)। ਸਿਖਾਉਣ ਵਾਲੇ ਵਿਆਖਿਆ ਕਰਨ ਦੇ ਆਪਣੇ ਫ਼ਰਜ਼ ਤੋਂ ਭੱਜ ਨਹੀਂ ਸਕਦੇ। ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਸਹੀ ਵਿਆਖਿਆ ਕਰਨ ਦੀ ਚਿੰਤਾ ਕਰਨ ਕਿ ਕਿਤੇ ਅਜਿਹਾ ਨਾ ਹੋਵੇ ਕਿ ਉਹ ''ਆਪਣੇ'' ਅਤੇ ਦੂਜਿਆਂ ਦੇ ਨਾਸ ਲਈ ਬਾਈਬਲ ਨੂੰ ਤੋੜਦੇ-ਮਰੋੜਦੇ ਰਹਿਣ (2 ਪਤਰਸ 3:16)। ਬਹੁਤ ਸਾਰੇ ਲੋਕ ਹਨ ਜੋ ਕਿਸੇ ਫ਼ਿਰਕੇ ਲਈ ''ਚਤੁਰਾਈ ਨਾਲ ਪ੍ਰਮੇਸ਼ਵਰ ਦੇ ਵਚਨ ਵਿਚ ਰਲਾ ਪਾਉਂਦੇ ਹਨ'' (2 ਕੁਰਿੰਥੀਆਂ 4:2)। ਪੌਲੁਸ ਨੇ ਕਿਹਾ, ''ਅਸੀਂ ਬਾਹਲਿਆਂ ਦੀ ਨਿਆਈ ਖ਼ੁਦਾ ਦੇ ਵਚਨ ਵਿਚ ਮਿਲਾਵਟ ਨਹੀਂ ਕਰਦੇ'' (2 ਕੁਰਿੰਥੀਆਂ 2:17)। ਰੋਮਨ ਕੈਥੋਲਿਕ ਲੋਕ ਵੀ 2 ਪਤਰਸ 1:20 ਦੀ ਇਹ ਕਹਿ ਕੇ ਦੁਰਵਰਤੋਂ ਕਰਦੇ ਹਨ ਕਿ ਇਹ ਆਇਤ ''ਸਪੱਸ਼ਟ ਸਿਖਾਉਂਦੀ ਹੈ ਕਿ ਬਾਈਬਲ ਦੀ ਵਿਆਖਿਆ ਕਿਸੇ ਦੇ ਆਪਣੇ ਫ਼ੈਸਲੇ ਨਾਲ ਨਹੀਂ ਹੁੰਦੀ।''[3] ਉਨ੍ਹਾਂ ਦੇ ਹੁਕਮ ਅਨੁਸਾਰ, ਸਿਰਫ਼ ਰੋਮਨ ਕੈਥੋਲਿਕ ਚਰਚ ਨੂੰ ਹੀ ਅਧਿਕਾਰਿਤ ਵਿਆਖਿਆ ਦੀ ਇਜਾਜ਼ਤ ਹੈ।

ਪੌਲੁਸ ਅਸਲ 'ਚ ਕੀ ਕਹਿ ਰਿਹਾ ਸੀ? ਉਹ ਬਾਈਬਲ ਦੀਆਂ ਆਇਤਾਂ ਦੇ ਅਰਥਾਂ ਨੂੰ ਜਾਂਚਣ ਦੀ ਗੱਲ ਨਹੀਂ ਕਰ ਰਿਹਾ ਸੀ, ਪਰ ਉਹ ਤਾਂ ਇਹ ਕਹਿ ਰਿਹਾ ਸੀ ਕਿ ਬਾਈਬਲ ਸਾਨੂੰ ਕਿਵੇਂ ਮਿਲੀ। ਬਾਈਬਲ ਦੀਆਂ ਲਿਖਤਾਂ ਲਿਖਣ ਵਾਲੇ ਦੇ ਆਪਣੇ ਵਿਚਾਰ (ਉਹਦਾ ਆਪਣਾ ਨਿੱਜੀ ਗਿਆਨ [ਯੂ: *epilusis*]) ਨਹੀਂ ਸਨ। ਪਵਿੱਤਰ ਲਿਖਤ ਦੀ ਕੋਈ ਵੀ ਗੱਲ ਕਦੇ ਕਿਸੇ ਲੇਖਕ ਦੀ ਇੱਛਾ ਤੋਂ ਨਹੀਂ ਆਈ, ਸਗੋਂ ਉਹਨੂੰ ਲਿਖਣ ਲਈ ਲੋਕਾਂ ਨੂੰ ਪਵਿੱਤਰ ਆਤਮਾ ਵੱਲੋਂ ਸਿਖਾਇਆ ਜਾਂਦਾ ਸੀ। ਇਸ ਲਈ, ਬਾਈਬਲ ਦੇ ਖ਼ੁਦਾ ਦੀ ਪ੍ਰੇਰਣਾ ਤੋਂ ਹੋਣ ਦਾ ਪਤਰਸ ਦਾ ਵਿਚਾਰ ਕਿਸੇ ਇਨਸਾਨ ਦਾ ਹੋਣ ਦੇ ਉਲਟ ਹੈ। ਪਤਰਸ ਨੇ ਬਾਈਬਲ ਨੂੰ ਇਕ ਅਲੱਗ ਦਰਜਾ ਦੇ ਦਿੱਤਾ। ਇਹ ਸਿਰਫ਼ ਨਵੀਂ ਕਿਤਾਬ ਨਾ ਹੋ ਕੇ ਕਿਤਾਬਾਂ ਦੀ ਕਿਤਾਬ ਹੈ। ਬਾਈਬਲ ਨੂੰ ਇਸ ਤਰ੍ਹਾਂ ਸਮਝਣ ਤੇ ਹੀ ਇਹਨੂੰ ਇਹਦੀ ਬਣਦੀ ਥਾਂ ਮਿਲਦੀ ਹੈ ਅਤੇ ਇਹ ਲੋਕਾਂ ਦੇ ਮਨਾਂ ਵਿਚ ਆਪਣੀ ਸ਼ਕਤੀ ਪਾ ਸਕਦੀ ਹੈ।

ਪੌਲੁਸ ਦਾ ਐਲਾਨ ਕਿ ਪਵਿੱਤਰ ਬਾਈਬਲ ਦੀ ''ਹਰ ਇਕ ਪਵਿੱਤਰ ਲਿਖਤ'' ਪ੍ਰਮੇਸ਼ਵਰ ਦੇ ਸਾਹ (ਯੂ: *theopneustos*) ਤੋਂ ਹੈ, ਇਕ ਹੋਰ ਬੇਹੱਦ ਅਹਿਮ ਆਇਤ ਹੈ। ਮਨੁੱਖ ਦੇ ਲੇਖ ਮਨੁੱਖ ਦੇ ਸਾਹ (ਯੂ: *anthropneustos*) ਤੋਂ ਹੁੰਦੇ ਹਨ। ਅਸਲ ਵਿਚ ਇਹ ਅਨੁਵਾਦ ਕਿ ਪਵਿੱਤਰ ਲਿਖਤ ''ਆਤਮਾ ਤੋਂ'' ਹੈ ਕੁਝ ਅਜਿਹਾ ਜੋੜ ਦਿੰਦਾ ਹੈ, ਜਿਸ ਦੀ ਇੱਛਾ ਹੁੰਦੀ ਹੈ। ''ਆਤਮਾ ਤੋਂ'' ਸ਼ਬਦ ਲਾਤੀਨੀ ਭਾਸ਼ਾ ਤੋਂ ਲਿਆ ਗਿਆ ਹੈ, ਜਿਸ ਦਾ ਅਰਥ ਹੈ ''ਸ਼ਾਹ ਤੋਂ।'' ਖ਼ੁਦਾ ਨੇ ਮੁਰਦਾ ਕਿਤਾਬਾਂ ਦੇ ਇਕ ਸਮੂਹ ਵਿਚ ਸਾਹ ਨਹੀਂ ਫੂਕਿਆ

ਸਗੋਂ ਇਹ ਕਿਤਾਬਾਂ ਖ਼ੁਦਾ ਦੇ ਸਾਹ ਨਾਲ ਵਜੂਦ ਵਿਚ ਆਈਆਂ ਕਿਉਂਕਿ ਉਹ ਖ਼ੁਦਾ ਦੇ ਸਾਹ ਤੋਂ ਹਨ। ਤੁਲਨਾ ਲਈ ਮੁਰਦਾ ਮਿੱਟੀ ਦੀ ਇਕ ਦੇਹ ਵਿਚ ਖ਼ੁਦਾ ਨੇ ਆਪਣਾ ਸਾਹ ਫੂਕਿਆ ਅਤੇ ਆਦਮ ਜਿਉਂਦੀ ਜਾਨ ਹੋ ਗਿਆ ਸੀ। ਪਰ ਇਹ ਕਿਤਾਬਾਂ ਪਵਿੱਤਰ ਆਤਮਾ ਨਾਲ ਹੋਂਦ ਵਿਚ ਨਹੀਂ ਆਈਆਂ ਫਿਰ ਉਹਨੂੰ ਜ਼ਿੰਦਾ ਅਤੇ ਸਮਰੱਥੀ ਕੀਤਾ ਗਿਆ। ਫਿਰ ਇਹ ਕਹਿਣਾ ਕਿ ਬਾਈਬਲ ਖ਼ੁਦਾ ਦੇ ''ਆਤਮਾ'' ਤੋਂ ਹੈ 2 ਤਿਮੋਥਿਉਸ 3:16 ਵਿਚ *theopneustos* ਦਾ ਬਿਲਕੁਲ ਸਹੀ ਅਨੁਵਾਦ ਨਹੀਂ ਹੈ।

ਇਕ ਉੱਚੇ ਮੈਦਾਨ 'ਤੇ ਬਾਈਬਲ ਦੀ ਆਤਮਾ (ਉਸ ਨਾਕਾਫ਼ੀ ਸ਼ਬਦ ਦੀ ਵਰਤੋਂ ਕਰਨ 'ਤੇ) ਦਾ ਅਰਥ ਖ਼ੁਦਾ ਦੇ ਸਾਹ ਤੋਂ ਹੈ। ਆਪਣੇ ਸੁਣਨ ਵਾਲਿਆਂ ਦੇ ਮਨਾਂ ਵਿਚ ਖ਼ੁਦਾ ਦੇ ਆਤਮਾ ਤੋਂ ਲਿਖੀ ਗਈ, ਪੁਸਤਕ ਦਾ ਵਿਚਾਰ ਪਾ ਕੇ ਇੰਜੀਲ ਦੇ ਪ੍ਰਚਾਰਕ ਪਵਿੱਤਰ ਸੇਵਾ ਕਰਦੇ ਹਨ। ਬਾਈਬਲ ਦਾ ਇਕ ਲੇਖਕ ਕਹਿੰਦਾ ਹੈ, ''ਯਹੋਵਾਹ ਦਾ ਆਤਮਾ ਮੇਰੇ ਵਿੱਚੋਂ ਬੋਲਿਆ ਅਤੇ ਉਹਦਾ ਵਚਨ ਮੇਰੀ ਜੀਭ ਉੱਤੇ ਸੀ'' (2 ਸਮੂਏਲ 23:2)।

### ਇਕ ਨਿੱਜੀ ਖ਼ੁਦਾ

ਵਚਨ ਦੇ ਹਰ ਸੇਵਕ ਨੂੰ ਜਿਨ੍ਹਾਂ ਮਹਾਨ ਵਿਸ਼ਿਆਂ 'ਤੇ ਗੱਲ ਕਰਨ ਦਾ ਮੌਕਾ ਮਿਲਦਾ ਹੈ ਉਨ੍ਹਾਂ ਵਿੱਚੋਂ ਇਕ ਹੋਰ ਵਿਸ਼ਾ ਨਿੱਜੀ ਖ਼ੁਦਾ ਦੀ ਸਿੱਖਿਆ 'ਤੇ ਚਰਚਾ ਨਾਕਾਫ਼ੀ ਹੈ। ਇਸ ਸ੍ਰਿਸ਼ਟੀ ਦੇ ਪਿੱਛੇ ਇੱਕੋ ਸ਼ਕਤੀਸ਼ਾਲੀ ਸਿਰਜਣ ਹਾਰੀ ਸ਼ਕਤੀ ਹੀ ਨਹੀਂ ਹੈ, ਸਗੋਂ ਉਹ ਸ਼ਕਤੀ ਇਕ ਵਿਅਕਤੀ ਦੇ ਰੂਪ ਵਿਚ ਵਾਸ ਕਰਦੀ ਹੈ। ''ਜਿਸ ਨੇ ਕੰਨ ਲਾਇਆ ਉਹ ਨਹੀਂ ਸੁਣੇਗਾ? ਜਿਸ ਨੇ ਅੱਖ ਰਚੀ, ਭਲਾ ਉਹ ਨਹੀਂ ਵੇਖੇਗਾ?'' (ਜ਼ਬੂਰ 94:9)। ਜਿਸ ਨੇ ਮਨੁੱਖੀ ਸ਼ਖ਼ਸੀਅਤ ਬਣਾਈ ਉਹ ਇਲਾਹੀ ਸ਼ਖ਼ਸ ਤੋਂ ਘੱਟ ਨਹੀਂ ਹੋ ਸਕਦਾ। ਉਹ ਸੋਚਦਾ ਹੈ (ਯਸਾਯਾਹ 55:8); ਉਹ ਜਾਣਦਾ ਹੈ (ਕੂਚ 3:7); ਉਹ ਯਾਦ ਰੱਖਦਾ ਹੈ (ਕੂਚ 6:5); ਉਹ ਪਿਆਰ ਕਰਦਾ ਹੈ (ਯੂਹੰਨਾ 3:16); ਉਹ ਗੁੱਸੇ ਹੋ ਸਕਦਾ ਹੈ (ਜ਼ਬੂਰ 103:8)। ਉਸ ਵਿਚ ਮਨੁੱਖ ਵਾਲੀ ਖ਼ੂਬੀਆਂ ਤਾਂ ਹਨ, ਪਰ ਫਿਰ ਵੀ ਉਹ ਮਾਸ ਅਤੇ ਹੱਡੀਆਂ ਨਹੀਂ (ਲੂਕਾ 24:39)। ਉਹ ਆਤਮਾ ਹੈ (ਯੂਹੰਨਾ 4:24) ਅਤੇ ਮੌਤ ਦੇ ਵੱਸ ਵਿਚ ਨਹੀਂ ਹੈ (1 ਤਿਮੋਥਿਉਸ 1:17; 6:16)। ਜ਼ਿੰਦਗੀ ਨੂੰ ਪਿਆਰ ਕਰਨ ਵਾਲਾ ਅਤੇ ਕਬਰਸਤਾਨ ਵਿਚ ਜਾ ਕੇ ਖ਼ਤਮ ਨਾ ਹੋਣ ਦਾ ਚਾਹਵਾਨ ਅਨੰਦਿਤ ਹੁੰਦਾ ਹੈ ਕਿ ਉਹਦਾ ਬਨਾਉਣ ਵਾਲਾ (ਉਪਦੇਸ਼ਕ ਦੀ ਪੋਥੀ 12:1) ਉਹਦਾ ਸਨਾਤਨ ਮੁਕਤੀਦਾਤਾ ਹੁਣ ਵੀ ਸ਼ਕਤੀ ਰੱਖਦਾ ਹੈ (1 ਤਿਮੋਥਿਉਸ 1:1)। ਮਨੁੱਖ ਨੂੰ ਆਪਣੇ ਮਨ ਨੂੰ ਗਹਿਰਾਈ ਤਕ ਜਾਣਨਾ ਚਾਹੀਦਾ ਹੈ: ''ਪਵਿੱਤਰ, ਪਵਿੱਤਰ, ਪਵਿੱਤਰ ਪ੍ਰਭੂ ਪ੍ਰਮੇਸ਼ਵਰ, ਸ਼ਕਤੀਮਾਨ, ਜੋ ਸੀ, ਜੋ ਹੈ ਅਤੇ ਜੋ ਆਉਣ ਵਾਲਾ ਹੈ'' ਸੁਣੇਗਾ (ਪ੍ਰਕਾਸ਼ ਦੀ ਪੋਥੀ 4:8)। ਵਚਨ ਦੇ ਪ੍ਰਚਾਰਕ ਕੋਲ ਆਪਣੇ ਸੁਣਨ ਵਾਲਿਆਂ ਨੂੰ ਉਹਦੇ ਸਵਰਗੀ ਪਿਤਾ ਨਾਲ ਜਾਣ ਪਛਾਣ ਕਰਵਾਉਣ ਅਤੇ ਸਦਾ ਉਹਦੇ ਨਾਲ ਰਹਿਣ ਲਈ ਤਿਆਰ ਹੋਣ ਨੂੰ ਦੱਸਣ ਲਈ ਬਹੁਤ ਕੁਝ ਹੈ।

### ਖ਼ੁਦਾ ਦਾ ਬੇਟਾ

ਤਿਮੋਥਿਉਸ ਕੋਲ ਪੌਲੁਸ ਦੀ ਆਗਿਆ ਲੈ ਕੇ ਜਾਣ ਵਾਲਿਆਂ ਵੱਲੋਂ ਤਿਆਰ ਕੀਤੇ ਗਏ ਵਿਸ਼ਿਆਂ ਵਿਚ ਮਹੱਤਵਪੂਰਣ ਵਿਸ਼ਾ ਲੋਕਾਂ ਨੂੰ ਉਹਦਾ ਦਰਸ਼ਣ ਕਰਾਉਣਾ ਹੈ, ਜੋ ਮਨੁੱਖ ਦੇ

ਪੁੱਤਰਾਂ ਵਿੱਚੋਂ ਅਤਿ ਸੁੰਦਰ ਹੈ ਅਤੇ ਜਿਸ ਦੇ ਬੁੱਲ੍ਹਾਂ 'ਚੋਂ ਦਿਆ ਡੁੱਲ੍ਹਦੀ ਹੈ (ਜ਼ਬੂਰ 45:2)। ਇਹ ਉਹੀ ਹੈ ਜਿਸ ਤੋਂ ਪਿਤਾ ਬਹੁਤ ਖ਼ੁਸ਼ ਹੈ ਅਤੇ ਉਹਨੂੰ ਪਿਆਰ ਕਰਦਾ ਹੈ (ਮੱਤੀ 3:17)। ਯਿਸੂ ਦੇ ਖ਼ੁਦਾ ਹੋਣ ਦਾ ਸਬੂਤ ਪਹਿਲਾਂ ਪੁਰਾਣੇ ਨੇਮ ਦੀਆਂ ਨਬੂਵਤਾਂ ਦੇ ਉਸ ਵਿਚ ਪੂਰਾ ਹੋਣ 'ਤੇ ਮਿਲਦਾ ਹੈ (ਰਸੂਲਾਂ ਦੇ ਕੰਮ 17:2, 3) 'ਜੋ ਉਹਦੇ ਜਨਮ ਤੋਂ ਸੈਂਕੜੇ ਸਾਲ ਪਹਿਲਾਂ ਲਿਖੀਆਂ ਗਈਆਂ ਸਨ।[4] ਉਹਦੇ ਬੇਮਿਸਾਲ ਉਪਦੇਸ਼ ਜਿਨ੍ਹਾਂ ਨਾਲ ਦੋ ਹਜ਼ਾਰ ਸਾਲ ਪਹਿਲਾਂ ਉਹਦੇ ਸੁਣਨ ਵਾਲੇ ਹੈਰਾਨ ਰਹਿ ਗਏ ਸਨ (ਮੱਤੀ 13:54) ਅਤੇ ਉਨ੍ਹਾਂ ਵਰਗਾ ਉਪਦੇਸ਼ ਅਜੇ ਤਕ ਕੋਈ ਨਹੀਂ ਦੇ ਸਕਿਆ ਹੈ। ਉਹਦਾ ਬੇਮਿਸਾਲ ਆਤਮ ਤਿਆਗ; ਨਰਮ ਦਿਲ, ਔਰਤਾਂ, ਬੱਚਿਆਂ, ਪਾਪੀਆਂ ਅਤੇ ਛੇਕੇ ਹੋਇਆਂ ਲਈ ਉਹਦੀ ਸੋਚ ਅਤੇ ਫ਼ਿਕਰ ਸਭ ਗੁਣ ਯਿਸੂ ਦੇ ਯਿਸੂ ਨੂੰ ''ਬੇਸ਼ਕੀਮਤੀ'' (1 ਪਤਰਸ 2:6, 7) ਹੋਣ ਨੂੰ ਮਜਬੂਰ ਕਰਦੇ ਹਨ। ਜਿੰਨਾ ਉਸ ਦੀਨ ਨਾਸਰੀ ਦਾ ਪ੍ਰਚਾਰ ਕੀਤਾ ਜਾਂਦਾ ਹੈ, ਓਨਾਂ ਹੀ ਲੋਕ ਪੁਕਾਰ ਉੱਠਦੇ ਹਨ, ''ਯਿਸੂ ਹੈ ਕੈਸਾ ਦੋਸਤ ਪਿਆਰਾ...!''

**ਮੁਕਤੀ ਦੀ ਯੋਜਨਾ**

ਬਾਈਬਲ ਦੇ ਆਤਮਾ ਤੋਂ, ਖ਼ੁਦਾ ਵਿਚ ਵਿਸ਼ਵਾਸ, ਯਿਸੂ ਦੇ ਖ਼ੁਦਾ ਵਲੋਂ ਹੋਣ ਦੀ ਬੁਨਿਆਦ ਕਿੰਨੀ ਵੀ ਮਜ਼ਬੂਤ ਕਿਉਂ ਨਾ ਹੋਵੇ, ਜਦ ਤਕ ਪ੍ਰਚਾਰਕ ਇੰਜੀਲ ਦੀ ਮੁਕਤੀ ਦੀ ਯੋਜਨਾ ਨਹੀਂ ਦੱਸਦਾ, ਤਦ ਤਕ ਉਹ ਆਪਣਾ ਸਮਾਂ ਬਰਬਾਦ ਹੀ ਕਰ ਰਿਹਾ ਹੁੰਦਾ ਹੈ। ਕਿਸੇ ਨੂੰ ਬਾਈਬਲ ਦੇ ਖ਼ੁਦਾ ਦੇ ਆਤਮਾ ਤੋਂ ਹੋਣ, ਇਕ ਨਿੱਜੀ ਖ਼ੁਦਾ ਬਾਰੇ ਅਤੇ ਖ਼ੁਦਾ-ਮਨੁੱਖ ਯਿਸੂ ਵਿਖੇ ਜਾਣ ਕੇ ਤਦ ਤਕ ਕੁਝ ਲਾਭ ਨਹੀਂ ਮਿਲੇਗਾ ਜਦ ਤਕ ਉਹਨੂੰ ਇਹ ਨਾ ਲੱਗੇ ਕਿ ਉਹਨੂੰ ਆਪਣੇ ਪਾਪਾਂ ਤੋਂ ਬਚਾਏ ਜਾਣ ਲਈ ਕੀ ਕਰਨ ਦੀ ਲੋੜ ਹੈ। ਯਿਸੂ ਸੰਸਾਰ ਵਿਚ ਮਨੁੱਖਾਂ ਨੂੰ ਬਚਾਉਣ ਲਈ ਆਇਆ (ਲੂਕਾ 19:10; 1 ਤਿਮੋਥਿਉਸ 1:15), ਪਰ ਉਹ ਕਿਸੇ ਨੂੰ ਮੁਕਤੀ ਬਿਨਾ ਸ਼ਰਤ ਨਹੀਂ ਦੇਵੇਗਾ (ਲੂਕਾ 6:46)। ਬਹੁਤਿਆਂ ਦਾ ਨਾਸ ਹੋਵੇਗਾ (ਮੱਤੀ 7:13, 14), ਇਸ ਲਈ ਰੂਹਾਂ ਨਾਲ ਪਿਆਰ ਕਰਨ ਵਾਲਾ ਪ੍ਰਚਾਰਕ ਪਾਪੀਆਂ ਨੂੰ ਇਹ ਵਿਖਾਉਣ ਲਈ ਚੌਕਸ ਰਹੇਗਾ ਕਿ ਉਨ੍ਹਾਂ ਨੂੰ ਮੁਕਤੀ ਪਾਉਣ ਲਈ ਕੀ ਕਰਨਾ ਜ਼ਰੂਰੀ ਹੈ।

ਕਈ ਲੋਕ ਮੁਕਤੀ ਦੀ ਯੋਜਨਾ ਦੀਆਂ ਪੰਜ ਗੱਲਾਂ ਦੀ ਰੂਪ-ਰੇਖਾ ਨੂੰ ਰਸਮ ਆਖ ਕੇ ਉਹਦੀ ਆਲੋਚਨਾ ਕਰਦੇ ਹਨ, ਪਰ ਉਹ ਰੂਹਾਂ ਦੀ ਨਜਾਤ ਵਿਚ ਮਦਦ ਨਹੀਂ ਕਰ ਰਹੇ ਹਨ। ਇਹ ਸੱਚ ਹੈ ਕਿ ਕੁਝ ਲੋਕ ਸਿਰਫ਼ ਆਪਣੇ ਬੁੱਲ੍ਹਾਂ ਤੋਂ ਹੀ ਉਹਨੂੰ ਮੰਨਦੇ ਹਨ ਅਤੇ ਕਈ ਲੋਕ ਬਪਤਿਸਮੇ ਵਿਚ ਡੁੱਬ ਕੇ ਸਿਰਫ਼ ਗਿੱਲੇ ਹੀ ਹੁੰਦੇ ਹਨ। ਪਰ ਇਹ ਤੱਥ ਤਾਂ ਰਹਿ ਜਾਂਦਾ ਹੈ ਕਿ ਖ਼ੁਦਾ ਮਨੁੱਖ ਅੱਗੇ ਕਬੂਲੇ ਜਾਣ ਲਈ ਆਗਿਆਕਾਰੀ ਦੀਆਂ ਪੰਜ ਸ਼ਰਤਾਂ ਰੱਖਦਾ ਹੈ। ਕੁਝ ਲੋਕ ਇਹ ਕਹਿ ਕੇ ਕਿ ਮੁਕਤੀ ਦੀ ਯੋਜਨਾ ਸਿਰਫ਼ ਯਿਸੂ ਹੀ ਹੈ, ਇਸ ਵਾਕਾਂਸ਼ ਦੀ ਵਰਤੋਂ ਕਰਦੇ ਹਨ। ਯਿਸੂ ਰਾਹ ਹੈ, ਇਸ ਲਈ ਖ਼ੁਦਾ ਦੀ ਯੋਜਨਾ ਵਿਚ ਉਹੀ ਮੁੱਖ ਕਿਰਦਾਰ ਹੈ (ਯੂਹੰਨਾ 14:6); ਪਰ ਯਿਸੂ ਇਕੱਲਾ ਕਿਸੇ ਨੂੰ ਵੀ ਨਹੀਂ ਬਚਾਵੇਗਾ। ਮੁਕਤੀ ਦੀ ਯੋਜਨਾ ਵਿਚ ਸਾਫ਼ ਦੱਸਿਆ ਗਿਆ ਹੈ ਕਿ ਹੁਕਮ ਮੰਨਣ ਵਾਲਿਆਂ ਲਈ ਜ਼ਿੰਦਗੀ ਅਤੇ ਹੁਕਮ ਨਾ ਮੰਨਣ ਵਾਲਿਆਂ ਲਈ ਖ਼ੁਦਾ ਦਾ ਕ੍ਰੋਧ ਹੈ (ਯੂਹੰਨਾ 3:36)। ਉਹ ਸਿਰਫ਼ ਹੁਕਮ ਮੰਨਣ ਵਾਲਿਆਂ ਨੂੰ ਹੀ ਬਚਾਵੇਗਾ (ਇਬਰਾਨੀਆਂ 5:9) ਅਤੇ ਆਗਿਆ ਮੰਨਣਾ ਕਦਮ-ਦਰ-ਕਦਮ ਪੂਰਾ ਕੀਤੇ ਜਾਣ ਵਾਲੀ ਪ੍ਰਕਿਰਿਆ ਹੈ।

ਪਹਿਲਾ ਕਦਮ ਸੁਣਾਏ ਗਏ ਵਚਨ ਨੂੰ ਮੰਨਣ ਦੀ ਇੱਛਾ ਹੈ, ਕਿਉਂਕਿ ਕਈਆਂ ਨੂੰ ਉੱਚਾ ਸੁਣਦਾ ਹੈ (ਮੱਤੀ 13:15) ਅਤੇ ਉਹ ਬਚਾਏ ਨਹੀਂ ਜਾਣਗੇ। ''ਜਿਹਦੇ ਕੰਨ ਹੋਣ ਸੋ ਸੁਣ ਲਵੇ'' (ਮੱਤੀ 13:9)। ਆਪਣੇ ਕੰਨ ਬੰਦ ਕਰ ਲੈਣ ਵਾਲਿਆਂ ਨੂੰ ਯਿਸੂ ਦੀ ਸ਼ਕਤੀ ਵੀ ਨਹੀਂ ਬਚਾਏਗੀ (ਰਸੂਲਾਂ ਦੇ ਕੰਮ 7:57)।

ਦੂਜਾ ਕਦਮ ਯਿਸੂ ਦੇ ਸੰਦੇਸ਼ ਵਿਚ ਦਿਲੋਂ ਵਿਸ਼ਵਾਸ ਕਰਨਾ ਹੈ ਭਾਵ ਸੱਚੇ ਮਨੋਂ ਇਹ ਵਿਸ਼ਵਾਸ ਕਰਨਾ ਹੈ ਕਿ ਉਹ ''ਖ਼ੁਦਾ ਸਾਡੇ ਨਾਲ,'' ਭਾਵ ਇੰਮਾਨੂਏਲ ਜੋ ਅਜਿਹਾ ਦੋਸਤ ਹੈ ਜੋ ਭਰਾ ਤੋਂ ਵੱਧ ਸਾਡੇ ਨੇੜੇ ਹੋਵੇਗਾ (ਰਸੂਲਾਂ ਦੇ ਕੰਮ 16:31; ਯੂਹੰਨਾ 20:30, 31)। ਨਿਰੇ ''ਵਿਸ਼ਵਾਸ'' ਨੇ ਕਦੇ ਕਿਸੇ ਨੂੰ ਨਹੀਂ ਬਚਾਇਆ ਭਾਵੇਂ ਉਹ ਮਸੀਹੀ ਹੋਵੇ (ਯਾਕੂਬ 2:24), ਜਾਂ ਗ਼ੈਰ ਮਸੀਹੀ (ਯੂਹੰਨਾ 12:42)। ਦੂਜਾ ਕਦਮ ਜ਼ਰੂਰੀ ਹੈ (ਯੂਹੰਨਾ 8:24), ਪਰ ਇਕੱਲਾ ਵਿਸ਼ਵਾਸ ਅਵਿਸ਼ਵਾਸ ਤੋਂ ਵੀ ਭੈੜਾ ਹੈ।

ਤੀਸਰਾ ਕਦਮ ਦਿਲ ਦੀ ਗੱਲ ਬੁੱਲ੍ਹਾਂ ਨਾਲ ਮੰਨ ਲੈਣਾ ਹੈ, ''ਮੈਂ ਵਿਸ਼ਵਾਸ ਕਰਦਾ ਹਾਂ ਕਿ ਯਿਸੂ ਮਸੀਹ ਖ਼ੁਦਾ ਦਾ ਪੁੱਤਰ ਹੈ'' (ਰਸੂਲਾਂ ਦੇ ਕੰਮ 8:37; ਵੇਖੋ 1 ਯੂਹੰਨਾ 4:15; ਮੱਤੀ 16:16)। ਯਿਸੂ ਨੇ ਵਾਅਦਾ ਕੀਤਾ ਸੀ ਕਿ ਜੇ ਕੋਈ ਪਾਪੀ ''ਚੰਗਾ ਇਕਰਾਰ'' (1 ਤਿਮੋਥਿਉਸ 6:13) ਕਰੇ ਤਾਂ ਉਹ ਉਸ ਪਾਪੀ ਦੇ ਨਾਂਅ ਦਾ ਆਪਣੇ ਪਿਤਾ ਦੇ ਸਾਹਮਣੇ ਇਕਰਾਰ ਕਰੇਗਾ (ਮੱਤੀ 10:32)। ਸੱਚੇ ਵਿਸ਼ਵਾਸੀ ਆਪਣੇ ਮੂੰਹ ਤੋਂ ਪ੍ਰਭੂ ਯਿਸੂ ਦਾ ਇਕਰਾਰ ਕਰਨ ਵਿਚ (ਰੋਮੀਆਂ 10:9, 10) ਨਾ ਤਾਂ ਸ਼ਰਮਿੰਦੇ ਹੁੰਦੇ ਹਨ (ਮਰਕੁਸ 8:38) ਅਤੇ ਨਾ ਡਰਦੇ ਹਨ (ਯੂਹੰਨਾ 12:42)।

ਚੌਥਾ ਕਦਮ ਮਨ ਬਦਲਣਾ ਹੈ, ਜੋ ਅਜਿਹੀ ਕਿਰਿਆ ਹੈ ਜਿਸ ਨੂੰ ਆਮ ਤੌਰ ਤੇ ਤੌਬਾ ਕਰਨਾ ਕਿਹਾ ਜਾਂਦਾ ਹੈ। ਇਹ ਯਿਸੂ ਵਿਚ ਕਿਸੇ ਦੇ ਤਾਜ਼ੇ ਵਿਸ਼ਵਾਸ ਦੇ ਕਾਰਣ, ਉਹਦੀ ਸੋਚ ਵਿਚ ਆਇਆ ਬਦਲਾਅ ਹੈ। ਉਹ ਪਿਛਲੀਆਂ ਵਫ਼ਾਦਾਰੀਆਂ (ਭਾਵੇਂ ਉਹ ਧਨ, ਮੂਰਤੀਆਂ ਜਾਂ ਧਾਰਮਿਕ ਆਗੂ ਪ੍ਰਤੀ ਹੋਣ) ਦਾ ਤਿਆਗ ਕਰਕੇ ਯਿਸੂ ਨੂੰ ਆਪਣੀ ਜ਼ਿੰਦਗੀ ਦਾ ਪ੍ਰਭੂ ਬਣਾਉਣ ਦਾ ਤਹੱਈਆ ਕਰਦਾ ਹੈ। ਪ੍ਰਮੇਸ਼ਵਰ ਯੋਗ ਉਦਾਸੀ ਨਾਲ ਤੌਬਾ ਹੁੰਦੀ ਹੈ (2 ਕੁਰਿੰਥੀਆਂ 7:10); ਇਹ ਅਸਲੀ ਮਾਲਕ ਨੂੰ ਆਪਣਾ ਆਪ ਦੇਣ ਦੇ ਬਾਅਦ ਮਨ ਦਾ ਬਦਲਣਾ (ਯੂ: *metanoia*) ਹੈ (ਮੱਤੀ 3:8)। ਬਾਈਬਲ ਵਿਚ ਇਹ ਸਭ ਤੋਂ ਔਖਾ ਹੁਕਮ ਹੈ।[5] ਇਹਦੇ ਮੁਕਤੀ ਦੀ ਯੋਜਨਾ ਤੋਂ ਵੱਖ ਕਦਮ ਹੋਣ ਦਾ ਇਸ ਤੱਥ ਤੋਂ ਸਪੱਸ਼ਟ ਪਤਾ ਲਗਦਾ ਹੈ ਕਿ ਪਛਤਾਏ ਬਗ਼ੈਰ ਵੀ ਵਿਸ਼ਵਾਸ ਹੋ ਸਕਦਾ ਹੈ (ਯਾਕੂਬ 2:18-20)। ਭੂਤ ਵਿਸ਼ਵਾਸ ਤਾਂ ਕਰਦੇ ਹਨ, ਪਰ ਉਹ ਆਪਣਾ ਮਨ ਜਾਂ ਵਿਹਾਰ ਨਹੀਂ ਬਦਲਦੇ ਭਾਵ ਉਹ ਤੌਬਾ ਨਹੀਂ ਕਰਦੇ। ਤੌਬਾ ਲਈ ਅੰਗ੍ਰੇਜ਼ੀ ਸ਼ਬਦ ''Repent'' ਲਾਤੀਨੀ (*repoenitere* ਭਾਵ ''ਉਦਾਸ ਹੋਣਾ'' 'ਚੋਂ ਲਿਆ ਗਿਆ) ਪਵਿੱਤਰ ਆਤਮਾ ਰਾਹੀਂ ਵਰਤੇ ਗਏ ਸ਼ਬਦ (ਯੂ: *metanoeson* ਭਾਵ ''ਮਨ ਬਦਲਣਾ, ਮਾਨਸਿਕ ਦਿਸ਼ਾਵਾਂ ਨੂੰ ਉਲਟਾ ਕਰਨਾ'') ਦਾ ਵਧੀਆ ਅਨੁਵਾਦ ਨਹੀਂ ਹੈ। ਸੱਚੀ ਤੌਬਾ ਭਾਵ *metanoia* ਲਈ ਉਦਾਸ ਹੋਣ ਤੋਂ ਕੁਝ ਵੱਧ ਦੀ ਲੋੜ ਹੈ।

ਪੰਜਵਾਂ ਕਦਮ ਪਾਣੀ ਵਿਚ ਡੁਬਕੀ ਲਾਉਣਾ ਹੈ (ਰਸੂਲਾਂ ਦੇ ਕੰਮ 10:47, 48)। ਬਪਤਿਸਮਾ ਆਪਣੇ ਆਪ ਵਿਚ ਕੁਝ ਨਹੀਂ ਹੈ, ਇਹਦਾ ਅਰਥ ਸਰੀਰ ਤੋਂ ਮੈਲ ਲਾਹੁਣਾ ਵੀ ਨਹੀਂ ਹੈ (1 ਪਤਰਸ 3:21)। ਪਰ ਖ਼ੁਦਾ ਦੀ ਯੋਜਨਾ ਵਿਚ ਇਹਦੀ ਬੜੀ ਅਹਿਮੀਅਤ ਹੈ।

ਇਹ ਮਸੀਹ ਵਿਚ ਅਤੇ ਮਸੀਹ ਤੋਂ ਬਾਹਰ ਹੋਣ (ਗਲਾਤੀਆਂ 3:27) ਭਾਵ ਮਸੀਹ ਦੀ ਦੇਹ ਦੇ ਅੰਦਰ ਜਾਂ ਦੇਹ ਤੋਂ ਬਾਹਰ ਹੋਣ ਵਿਚ ਫ਼ਰਕ ਕਰਦਾ ਹੈ (1 ਕੁਰਿੰਥੀਆਂ 12:13)। ਬਗ਼ੈਰ ਬਪਤਿਸਮੇ ਦੇ ਪਾਪਾਂ ਦੀ ਮਾਫ਼ੀ ਨਹੀਂ ਹੈ (ਰਸੂਲਾਂ ਦੇ ਕੰਮ 2:38), ਪਰ ਇਸ ਹੁਕਮ ਨੂੰ ਮੰਨਣ ਨਾਲ ਆਤਮਾ ਸ਼ੁੱਧ ਹੋ ਜਾਂਦੀ ਹੈ (1 ਪਤਰਸ 1:22)। ਡੁਬਕੀ ਲਏ ਬਗ਼ੈਰ ਨਵਾਂ ਜਨਮ ਪੂਰਾ ਨਹੀਂ ਹੁੰਦਾ (ਯੂਹੰਨਾ 3:5)। ਨਵੇਂ ਜਨਮ ਦਾ ਇਹ ਇਸ਼ਨਾਨ (ਤੀਤਸ 3:5) ਮਨੋਂ ਹੋਣਾ ਜ਼ਰੂਰੀ ਹੈ (ਰੋਮੀਆਂ 6:17); ਨਹੀਂ ਤਾਂ ਇਹ ਦਿਖਾਵਟੀ ਕਰਮ-ਕਾਂਡ ਹੈ ਅਤੇ ਡੁਬਕੀ ਤੋਂ ਵੱਧ ਕੁਝ ਨਹੀਂ ਹੈ। ਇਹ ਸੰਸਾਰ ਤੋਂ ਕਲੀਸੀਆ ਵਿਚ ਵੰਡਣ ਵਾਲੀ ਰੇਖਾ ਹੈ। ਇਹ ਅੰਧਕਾਰ ਦੀ ਸ਼ਕਤੀ 'ਚੋਂ ਨਿੱਕਲ ਕੇ ਖ਼ੁਦਾ ਦੇ ਪਿਆਰੇ ਪੁੱਤਰ ਦੇ ਰਾਜ ਵਿਚ ਜਾਣਾ ਹੈ (ਕੁਲੁੱਸੀਆਂ 1:13)। ਬਪਤਿਸਮਾ ਐਨਾ ਜ਼ਰੂਰੀ ਹੈ ਕਿ ਰਸੂਲਾਂ ਦੇ ਕੰਮ ਕਿਤਾਬ ਵਿਚ ਮਸੀਹ ਵਿਚ ਵਿਸ਼ਵਾਸ ਕੀਤੇ ਜਾਣ ਦੀ ਕਿਸੇ ਵੀ ਉਦਾਹਰਣ ਵਿਚ ਖਾਣ ਜਾਂ ਪੀਣ ਲਈ ਉਦੋਂ ਤਕ ਸਮਾਂ ਕੱਢਿਆ ਗਿਆ, ਜਦ ਤਕ ਬਪਤਿਸਮਾ ਨਹੀਂ ਲਿਆ ਗਿਆ। ਬਪਤਿਸਮਾ ਵਿਸ਼ਵਾਸੀ ਬਣਨ ਵੇਲੇ ਹੀ ਦਿੱਤਾ ਜਾਂਦਾ ਸੀ, ਭਾਵੇਂ ਅੱਧੀ ਰਾਤ ਕਿਉਂ ਨਾ ਹੋਵੇ (ਰਸੂਲਾਂ ਦੇ ਕੰਮ 16:33)। ਬਪਤਿਸਮਾ ਮਸੀਹੀ ਲੋਕਾਂ ਨੂੰ ਨਹੀਂ, ਬਲਕਿ ਪਾਪੀਆਂ ਨੂੰ ਦਿੱਤਾ ਜਾਂਦਾ ਸੀ। ਬਪਤਿਸਮਾ ਲੈਣ ਨਾਲ ਲੋਕ ਮਸੀਹੀ ਬਣਦੇ ਹਨ।

ਬਚਾਏ ਜਾਣ ਦੀ ਯੋਜਨਾ ਵਿਚ ਪਾਪੀਆਂ ਲਈ ਦਿੱਤੇ ਗਏ ਪੰਜ ਕਾਰਜ ਉਨ੍ਹਾਂ ਦੇ ਸ਼ੁੱਭ ਕਰਮਾਂ ਕਰਕੇ ਨਹੀਂ ਹਨ। ਇਸ ਵਿਚ ਮੁਕਤੀ ਕਮਾਈ ਨਹੀਂ ਜਾਂਦੀ। ਪ੍ਰਭੂ ਦਾ ਲਹੂ ਹੀ ਹੈ ਜਿਹੜਾ ਪਾਪਾਂ ਨੂੰ ਧੋ ਦਿੰਦਾ ਹੈ (ਪ੍ਰਕਾਸ਼ ਦੀ ਪੋਥੀ 1:5; 5:9, 10) ਪਰ ਉਹ ਲਹੂ ਉਦੋਂ ਤਕ ਨਹੀਂ ਧੋਂਦਾ ਜਦ ਤਕ ਹੁਕਮ ਮੰਨਣ ਦੇ ਪੰਜ ਕਾਰਜ ਪੂਰੇ ਨਹੀਂ ਕੀਤੇ ਜਾਂਦੇ (ਰਸੂਲਾਂ ਦੇ ਕੰਮ 22:16)। ਇਕ-ਇਕ ਗੱਲ ਪੂਰੀ ਕਰਨ ਦੀ ਮੁਕਤੀ ਦੀ ਯੋਜਨਾ ਨੂੰ ਤੁੱਛ ਜਾਣਨ ਵਾਲੇ ਜਾਂ ਇਨ੍ਹਾਂ ਪੰਜਾਂ ਗੱਲਾਂ ਵਿੱਚੋਂ ਕਿਸੇ ਇਕ ਨੂੰ ਛੱਡਣ ਵਾਲੇ ਪ੍ਰਚਾਰਕ ਖ਼ੁਦਾ ਦੀ ਸਾਰੀ ਮੱਤ ਦਾ ਪ੍ਰਚਾਰ ਨਹੀਂ ਕਰ ਰਹੇ ਹਨ, ਸਗੋਂ ਉਹ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ।

**ਕਲੀਸੀਆ**

ਲਗਭਗ 62 ਈ. ਵਿਚ ਪੌਲੁਸ ਨੇ ਅਫ਼ਸੁਸ ਵਿਚ ਕਲੀਸੀਆ ਦੇ ਨਾਂਅ ਇਕ ਖ਼ਤ ਲਿਖਿਆ ਸੀ। ਉਸ ਖ਼ਤ ਨੂੰ ਬੜੇ ਆਦਰ ਨਾਲ ਸੰਭਾਲ ਕੇ ਰੱਖਿਆ ਗਿਆ ਹੋਵੇਗਾ। ਯਕੀਨਨ ਹੀ ਇਹਨੂੰ ਕਿਸੇ ਕਲੀਸੀਆ ਦੀ ਲਾਇਬ੍ਰੇਰੀ ਵਿਚ ਰੱਖਿਆ ਗਿਆ ਹੋਵੇਗਾ ਅਤੇ ਉੱਥੇ ਸਥਾਨਕ ਪ੍ਰਚਾਰਕ ਬਣਨ ਲਈ ਲਗਭਗ 63 ਈ. ਵਿਚ ਆਏ ਤਿਮੋਥਿਉਸ ਦੇ ਅਧਿਐਨ ਲਈ ਪਿਆ ਸੀ। ਉਸ ਖ਼ਤ ਨੂੰ ਪੜ੍ਹਨ ਵਾਲਾ ਕੋਈ ਵੀ ਆਦਮੀ ਇਹੀ ਨਿਚੋੜ ਕੱਢਦਾ ਹੋਵੇਗਾ ਕਿ ਖ਼ੁਦਾ ਦੀ ਨਜ਼ਰ ਵਿਚ ਕਲੀਸੀਆ ਦੀ ਬੜੀ ਅਹਿਮੀਅਤ ਹੈ। ਪੌਲੁਸ ਦੇ ਸ਼ਬਦਾਂ ਵਿਚ ਕਲੀਸੀਆ ਨੂੰ ਇਕ ਅਜਿਹੀ ਸੰਸਥਾ ਦੇ ਰੂਪ ਵਿਚ ਵਿਖਾਇਆ ਗਿਆ ਹੈ ਜਿਹਦੀ ਯੋਜਨਾ ਮਸੀਹ ਦੀ ਲਾੜੀ ਬਣਨ ਲਈ (ਅਫ਼ਸੀਆਂ 5:25, 26) ਸਨਾਤਨ ਕਾਲ ਤੋਂ ਬਣਾਈ ਗਈ ਸੀ (ਅਫ਼ਸੀਆਂ 3:11)। ਖ਼ਤ ਦਾ ਅਧਿਐਨ ਕਰਨ ਅਤੇ ਵਚਨ ਦਾ ਪ੍ਰਚਾਰ ਕਰਨ ਦੀ ਤਾੜਨਾ ਪਾ ਕੇ, ਤਿਮੋਥਿਉਸ ਵਰਗੇ ਪ੍ਰਚਾਰਕਾਂ ਨੂੰ ਮਸੀਹ ਦੀ ਕਲੀਸੀਆ ਨੂੰ ਵਡਿਆਈ ਦੇਣ ਲਈ ਜਜ਼ਬਾਤੀ ਹੋ ਜਾਣਾ ਸੀ। ਵਚਨ ਦਾ ਪ੍ਰਚਾਰ ਕਰਨ ਵਾਲਾ ਕੋਈ ਵੀ ਆਦਮੀ ਕਲੀਸੀਆ ਦੀ ਅਹਿਮੀਅਤ ਨੂੰ ਘੱਟ ਨਹੀਂ ਕਰ ਸਕਦਾ।

ਮਸੀਹ ਆਪਣੀ ਕਲੀਸੀਆ ਨੂੰ ਬਚਾਉਣ ਲਈ ਵਾਪਸ ਆ ਰਿਹਾ ਹੈ (ਅਫ਼ਸੀਆਂ 5:23), ਇਸ ਲਈ ਲੋਕਾਂ ਨਾਲ ਪਿਆਰ ਕਰਨ ਵਾਲਾ ਪ੍ਰਚਾਰਕ ਆਪਣੀ ਪੂਰੀ ਸ਼ਕਤੀ ਨਾਲ ਉਨ੍ਹਾਂ ਨੂੰ ਕਲੀਸੀਆ ਵਿਚ ਉਮਰ ਕੱਟਣ ਅਤੇ ਮਰਨ ਲਈ ਉਤਸ਼ਾਹਿਤ ਕਰੇਗਾ। ਇਹ ਸਹੀ ਹੈ ਕਿ ਕਲੀਸੀਆ ਕਿਸੇ ਨੂੰ ਬਚਾ ਨਹੀਂ ਸਕਦੀ। ਬਚਾਉਣ ਵਾਲਾ ਯਿਸੂ ਹੀ ਹੈ ਅਤੇ ਕਲੀਸੀਆ ਬਚਾਏ ਹੋਏ ਲੋਕਾਂ ਨਾਲ ਹੀ ਬਣਦੀ ਹੈ। ਦਿਨ-ਬ-ਦਿਨ ਹਰ ਪਾਪੀ ਜੋ ਮੁਕਤੀ ਦੀ ਯੋਜਨਾ ਦੀਆਂ ਪੰਜ ਗੱਲਾਂ ਪੂਰੀਆਂ ਕਰਦਾ ਹੈ, ਬਚਾਇਆ ਹੋਇਆ ਆਦਮੀ ਬਣ ਜਾਂਦਾ ਹੈ ਅਤੇ ਪ੍ਰਭੂ ਉਹਨੂੰ ਅਜਿਹਾ ਕਰਨ ਵਾਲੇ ਲੋਕਾਂ ਦੀ ਜਮਾਤ ਭਾਵ ਕਲੀਸੀਆ ਵਿਚ ਮਿਲਾ ਦਿੰਦਾ ਹੈ (ਰਸੂਲਾਂ ਦੇ ਕੰਮ 2:47)। ਇਕ ਦਿਨ ਪ੍ਰਭੂ ਦੇ ਵਾਪਸ ਆਉਣ ’ਤੇ ਵਿਸ਼ਵਾਸ ਵਿਚ ਬਣੇ ਅਤੇ ਕਾਇਮ ਰਹਿਣ ਵਾਲੇ, ਖ਼ੁਸ਼ਖ਼ਬਰੀ ਦੀ ਆਸ ਤੋਂ ਨਾ ਡੋਲਣ ਵਾਲਿਆਂ ਨੂੰ ਸਵਰਗ ਵਿਚ ਉਠਾ ਲਿਆ ਜਾਵੇਗਾ (ਕੁਲੁੱਸੀਆਂ 1:23)।

ਨਵੇਂ ਨੇਮ ਵਿਚ ਬਚਾਏ ਹੋਏ ਲੋਕਾਂ ਨੂੰ ਮਸੀਹ ਦਾ ਇੱਜੜ (ਯੂਹੰਨਾ 10:16), ਮਸੀਹ ਦੀ ਦੇਹ (ਕੁਲੁੱਸੀਆਂ 1:13), ਮਸੀਹ ਦਾ ਰਾਜ (ਕੁਲੁੱਸੀਆਂ 1:18) ਅਤੇ ਖ਼ੁਦਾ ਦਾ ਪਰਿਵਾਰ (ਗਲਾਤੀਆਂ 3:26; ਰੋਮੀਆਂ 8:29) ਕਿਹਾ ਗਿਆ ਹੈ। ਬਾਈਬਲ ਦੀ ਭਾਸ਼ਾ ਵਿਚ ਕਹੀਏ ਤਾਂ ਅਸਲ ਕਲੀਸੀਆਵਾਂ ਦੀ ਗਿਣਤੀ (ਮੰਡਲੀਆਂ ਦੀ ਨਹੀਂ) ਤੋਂ ਭਾਵ ਦੁਨੀਆਂ ਭਰ ’ਚ ਪਾਏ ਜਾਣ ਵਾਲੇ ‘‘ਮਸੀਹ ਦੇ ਇੱਜੜ’’ ਅਤੇ ਮਸੀਹ ਦੀਆਂ ਦੇਹਾਂ ਅਤੇ ‘‘ਮਸੀਹ ਦੇ ਰਾਜ’’ ਅਤੇ ‘‘ਖ਼ੁਦਾ ਦੇ ਪਰਿਵਾਰ’’ ਹਨ। ਪ੍ਰਭੂ ਦੀ ਕਲੀਸੀਆ ਦੇ ਬਹੁਤ ਸਾਰੇ ਲੋਕ ਤਾਂ ਕਈ ਦੇਸ਼ਾਂ ਵਿਚ ਫੈਲੇ ਹੋਏ ਹਨ ਪਰ ਦੇਹ ਇੱਕੋ ਹੈ (ਵੇਖੋ 1 ਕੁਰਿੰਥੀਆਂ 12:20)।

ਨਵੇਂ ਨੇਮ ਦੀ ਕਲੀਸੀਆ ਬਗ਼ੈਰ ਨਾਂਅ ਦੇ ਸੰਸਥਾ ਹੈ। ਅੰਗ੍ਰੇਜ਼ੀ ਬਾਈਬਲ ਵਿਚ “church” ਜਾਂ “churches” ਸ਼ਬਦ ਲਈ 112 ’ਚੋਂ 95 ਵਾਰ “the church” ਜਾਂ “churches” ਆਇਆ ਹੈ। ਬਾਰਾਂ ਵਾਰ ਇਹਨੂੰ ‘‘churches of God’’ ਭਾਵ’’ ਖ਼ੁਦਾ ਦੀਆਂ ਕਲੀਸੀਆਵਾਂ’’ ਕਿਹਾ ਗਿਆ ਹੈ, ਜਿਸ ਤੋਂ ਉਹਦੀ ਮਲਕੀਅਤ ਦਾ ਪਤਾ ਲਗਦਾ ਹੈ। ਇਕ ਵਾਰ ਇਹਦੇ ਨਾਲ ਮਿਲਦਾ-ਜੁਲਦਾ ਵਾਕਾਂਸ਼ ‘‘Christ’s churches’’ ਭਾਵ ‘‘ਮਸੀਹ ਦੀਆਂ ਕਲੀਸੀਆਵਾਂ’’ ਮਿਲਦਾ ਹੈ (ਰੋਮੀਆਂ 16:16)। ਇਕ ਵਾਰ ਯਿਸੂ ਨੇ ਇਹਨੂੰ ‘‘ਆਪਣੀ ਕਲੀਸੀਆ’’ (ਮੱਤੀ 16:18) ਕਿਹਾ ਸੀ। ਇਹਦੇ ਮੈਂਬਰਾਂ (ਗ਼ੈਰ ਕੌਮਾਂ, ਸੰਤ, ਪਲੋਠੇ) ਸ਼ਬਦ ਦੇ ਤਿੰਨ ਹੋਰ ਨਾਂਵਾਂ ਦਾ ਪਤਾ ਲਗਦਾ ਹੈ (ਰੋਮੀਆਂ 16:4; 1 ਕੁਰਿੰਥੀਆਂ 14:33; ਇਬਰਾਨੀਆਂ 12:23)। ਕਲੀਸੀਆ ਨੂੰ ਕੋਈ ਨਾਂਅ ਨਹੀਂ ਦਿੱਤਾ ਗਿਆ। ਨਾਂਅ ਦੇਣ ਨਾਲ, ਇਹ ਵੰਡੀ ਜਾਂਦੀ ਹੈ। ਮੈਂਬਰਾਂ ਨੂੰ ਨਿੱਜੀ ਤੌਰ ਤੇ (1 ਪਤਰਸ 4:16) ‘‘ਮਸੀਹੀ’’ ਆਖਿਆ ਜਾਂਦਾ ਹੈ ਪਰ ਨਵੇਂ ਨੇਮ ਦੇ ਲੇਖਕਾਂ ਨੇ ਕਦੇ ਵੀ ਉਹਦੀ ਕਲੀਸੀਆ ਨੂੰ ਮਸੀਹੀ ਕਲੀਸੀਆ ਨਾਂਅ ਨਹੀਂ ਦਿੱਤਾ। ਜੇ ਕੋਈ ਬੋਲੇ ਤਾਂ ਅਜਿਹਾ ਬੋਲੇ ਜਿਵੇਂ ਖ਼ੁਦਾ ਦਾ ਵਚਨ ਹੈ (1 ਪਤਰਸ 4:11)। ਕੋਈ ਆਪਣੇ ਆਪ ਨੂੰ ‘‘ਮਸੀਹ ਦੀ ਕਲੀਸੀਆ ਦੀਆਂ ਕਲੀਸੀਆਵਾਂ,’’ ‘‘ਮਸੀਹ ਦੀ ਕਲੀਸੀਆ ਦੀਆਂ ਮੰਡਲੀਆਂ,’’ ‘‘ਮਸੀਹ ਦੀ ਕਲੀਸੀਆ ਦੇ ਪ੍ਰਚਾਰਕ’’ ਜਾਂ ‘‘ਮੈਂ ਮਸੀਹ ਦੀ ਕਲੀਸੀਆ ਦਾ ਹਾਂ’’ ਨਾ ਆਖੇ। ਖ਼ੁਦਾ ਕਰੇ ਕਿ ਅਸੀਂ ‘‘ਮਿੱਠੇ ਬੋਲ’’ ਬੋਲਣ ਦੀ ਕੋਸ਼ਿਸ਼ ਕਰੀਏ ਕਿ ‘‘ਮੋਢੇ ਨਾਲ ਮੋਢਾ ਜੋੜ ਕੇ ਉਹਦੀ ਸੇਵਾ’’ ਕਰ ਸਕੀਏ (ਸਫ਼ਨਯਾਹ 3:9)

**ਬੰਦਗੀ**

ਖ਼ੁਦਾ ਦੇ ਜਨ ਨੂੰ ਬੰਦਗੀ ਬਾਰੇ ਪ੍ਰਚਾਰ ਕਰਨ 'ਤੇ ਧਿਆਨ ਦੇਣਾ ਜ਼ਰੂਰੀ ਹੈ। ਉਹਨੂੰ ਪਤਾ ਹੋਣਾ ਚਾਹੀਦਾ ਹੈ ਕਿ ਬੰਦਗੀ ਚਾਰ ਤਰ੍ਹਾਂ ਦੀ ਹੁੰਦੀ ਹੈ। ਅਗਿਆਨਤਾ ਵਿਚ ਬੰਦਗੀ, ਵਿਅਰਥ ਉਪਾਸਨਾ, ਮਨ ਮਤੇ ਦੀ ਪੂਜਾ ਅਤੇ ਸੱਚਾਈ ਨਾਲ ਬੰਦਗੀ। ਤਸਵੀਰਾਂ ਅਤੇ ਮੂਰਤੀਆਂ ਦੀ ਪੂਜਾ ਕਰਨ ਵਾਲਾ (ਰਸੂਲਾਂ ਦੇ ਕੰਮ 17:22, 23; 1 ਕੁਰਿੰਥੀਆਂ 8:5, 6) ਅਗਿਆਨਤਾ ਵਿਚ ਬੰਦਗੀ ਕਰ ਰਿਹਾ ਹੈ। ਸੱਚੇ ਖ਼ੁਦਾ ਦੀ ਬੰਦਗੀ ਕਰਨ ਵਾਲਾ ਵੀ ਵਿਅਰਥ ਵਿਚ ਬੰਦਗੀ ਕਰ ਰਿਹਾ ਹੋ ਸਕਦਾ ਹੈ (ਮੱਤੀ 15:9)। ਯਿਸੂ ਨੇ ਮਨੁੱਖਾਂ ਦੀਆਂ ਸਿੱਖਿਆਵਾਂ ਅਤੇ ਹੁਕਮਾਂ ਦੇ ਮੰਨਣ ਨੂੰ ਵਿਅਰਥ ਉਪਾਸਨਾ ਕਿਹਾ। ਲੋਕ ਹੱਥ ਧੋ ਕੇ, ਪੈਰ ਧੋ ਕੇ, ਉਂਗਲੀਆਂ ਨੂੰ ਪਵਿੱਤਰ ਪਾਣੀ ਵਿਚ ਡੋਬ ਕੇ ਅਤੇ ਸਲੀਬ ਦਾ ਨਿਸ਼ਾਨ ਬਣਾ ਕੇ, ਮਰੀਅਮ ਅਤੇ ਯਿਸੂ ਦੀ ਮੂਰਤੀ ਅੱਗੇ ਮੱਥਾ ਟੇਕ ਕੇ, ਧੂਫ਼ ਬਾਲ ਕੇ, ਵਾਜੇ ਵਜਾ ਕੇ ਨੱਚ ਕੇ ਅਤੇ ਗਾਂਜਾ ਪੀ ਕੇ ਵਿਅਰਥ ਉਪਾਸਨਾ ਕਰਦੇ ਹਨ। ਮਨ ਮੁਤਾਬਕ ਬੰਦਗੀ ਕਰਨਾ, ਕਿਸੇ ਖ਼ਾਸ ਤਰ੍ਹਾਂ ਦੇ ਭੋਜਨ ਨਾ ਖਾਣ ਦਾ ਪੱਕਾ ਇਰਾਦਾ ਜਾਂ ਆਪਣੇ ਸਰੀਰ ਨੂੰ ਕਸ਼ਟ ਦੇ ਕੇ ਅਨੁਸ਼ਾਸਿਤ ਕਰਨਾ ਹੈ, ਪਰ ਪ੍ਰਭੂ ਨੂੰ ਇਸ ਤਰ੍ਹਾਂ ਦੀ ਬੰਦਗੀ ਦੀ ਲੋੜ ਨਹੀਂ ਹੈ (ਕੁਲੁੱਸੀਆਂ 2:20-22)। ਅਸਲ ਬੰਦਗੀ ਵਿਚ ਦੋ ਗੱਲਾਂ ਹੁੰਦੀਆਂ ਹਨ ਕਿ ਇਹ ਰੂਹ ਅਤੇ ਸੱਚਾਈ ਨਾਲ ਹੁੰਦੀ ਹੈ (ਯੂਹੰਨਾ 4:24)।

ਰੂਹ ਨਾਲ ਬੰਦਗੀ ਕਰਨ ਤੋਂ ਭਾਵ ਵਚਨ ਦੇ ਅਨੁਸਾਰ ਬੰਦਗੀ ਕਰਨਾ ਹੈ (ਯੂਹੰਨਾ 17:17)। ਵਚਨ ਵਿਚ ਬੰਦਗੀ ਦੀਆਂ ਸਿਰਫ਼ ਪੰਜ ਗੱਲਾਂ ਠਹਿਰਾਈਆਂ ਗਈਆਂ ਹਨ (ਰਸੂਲਾਂ ਦੇ ਕੰਮ 2:42; ਅਫ਼ਸੀਆਂ 5:19)। ਇਹ ਕੰਮ ਹਨ, ਵਚਨ ਪੜ੍ਹਨਾ (ਕੁਲੁੱਸੀਆਂ 4:16), ਚੰਦਾ ਦੇਣਾ (2 ਕੁਰਿੰਥੀਆਂ 9:7), ਰੋਟੀ ਤੋੜਨਾ (1 ਕੁਰਿੰਥੀਆਂ 11:23-26), ਦੁਆ ਕਰਨਾ (1 ਤਿਮੋਥਿਉਸ 2:1) ਅਤੇ ਗੀਤ ਗਾਉਣਾ (ਅਫ਼ਸੀਆਂ 5:19; ਇਬਰਾਨੀਆਂ 13:15)। ਜਦ ਸੱਚਾਈ ਦੀ ਪਰਿਭਾਸ਼ਾ ''ਸੱਚਾਈ ਦੇ ਵਚਨ ਵਿਚ ਪਾਈਆਂ ਜਾਣ ਵਾਲੀਆਂ ਗੱਲਾਂ'' ਦੀ ਬਜਾਏ ''ਨੇਕ ਨੀਅਤ'' ਦੇ ਰੂਪ ਵਿਚ ਕੀਤੀ ਜਾਂਦੀ ਹੈ, ਮਨੁੱਖਾਂ ਦੀ ਬਣਾਈ ਕੋਈ ਵੀ ਸਿੱਖਿਆ ਕਬੂਲ ਹੁੰਦੀ ਹੈ! ਖ਼ੁਦਾ ਦੀਆਂ ਸੱਚੀਆਂ ਸਿੱਖਿਆਵਾਂ ਨੂੰ ਨਾ ਜਾਣਨ ਵਾਲਾ ਨੇਕ ਨੀਅਤ ਨਾਲ ਕਿਸੇ ਵੀ ਸਿੱਖਿਆ ਨੂੰ ਮੰਨ ਸਕਦਾ ਹੈ। ਮਨੁੱਖ ਦੀਆਂ ਸਿੱਖਿਆਵਾਂ ਫ਼ਜ਼ੂਲ ਵਿਚ ਕੀਤੀ ਗਈ ਬੰਦਗੀ ਹੈ (ਮੱਤੀ 15:9), ਇਸ ਕਰਕੇ ਯੂਹੰਨਾ 4:24 ਵਿਚ ''ਸੱਚਾਈ'' ਸ਼ਬਦ ਨੂੰ ਸਿਰਫ਼ ਲਿਖਤ ਵਚਨ ਤਕ ਹੀ ਸੀਮਤ ਰੱਖਿਆ ਜਾਣਾ ਚਾਹੀਦਾ ਹੈ (ਯੂਹੰਨਾ 17:17)।

ਸੱਚਾਈ ਨਾਲ ਕੀਤੀ ਗਈ ਬੰਦਗੀ ਸਿਰਫ਼ ਮੂੰਹ ਨਾਲ ਵਡਿਆਈ ਨਹੀਂ ਕਰਦੀ (ਮੱਤੀ 15:8), ਭਾਵੇਂ ਉਹ ਵਚਨ ਨੂੰ ਪੜ੍ਹਨਾ ਹੋਵੇ, ਦੁਆ ਕਰਨਾ ਜਾਂ ਗੀਤ ਗਾਉਣਾ ਹੋਵੇ (1 ਕੁਰਿੰਥੀਆਂ 14:15)। ਪ੍ਰਭੂ ਭੋਜ ਲੈਣ ਵੇਲੇ ਪ੍ਰਭੂ ਦੀ ਦੇਹ ਨੂੰ ਨਾ ਪਛਾਣਨ ਵਾਲਾ ਸੱਚੇ ਦਿਲੋਂ ਬੰਦਗੀ ਕਰਨ ਵਾਲਾ ਨਹੀਂ ਹੋ ਸਕਦਾ; ਇਹਦੇ ਉਲਟ ਉਹ ਆਪਣੇ ਆਪ 'ਤੇ ਦੰਡ ਲਾ ਕੇ ਖਾ ਪੀ ਰਿਹਾ ਹੈ (1 ਕੁਰਿੰਥੀਆਂ 11:27-29)। ਧਨ ਦੇ ਰੂਪ ਵਿਚ ਦਿੱਤੀ ਗਈ ਕੋਈ ਵੀ ਕੁਰਬਾਨੀ ਜੇ ਦਿਲ ਨਾਲ ਨਹੀਂ ਕੀਤੀ ਗਈ ਤਾਂ ਉਹਦਾ ਫ਼ਾਇਦਾ ਓਨਾ ਹੀ ਹੋਵੇਗਾ ਜਿੰਨਾ ਜੇਬ ਵਿਚ ਪਏ ਪਏ-ਪਏ ਹੋ ਸਕਦਾ ਸੀ (2 ਕੁਰਿੰਥੀਆਂ 9:7) ਕਿਉਂਕਿ ਉਹ ਸੱਚੇ ਦਿਲੋਂ ਬੰਦਗੀ ਨਹੀਂ ਹੈ।

ਪੌਲੁਸ ਦੀ ਗੱਲ ਸੱਚੇ ਦਿਲੋਂ ਮੰਨਣ ਵਾਲਾ, ਖ਼ੁਦਾ ਦਾ ਪ੍ਰਚਾਰਕ ਲੋਕਾਂ ਨੂੰ ਸਾਫ਼ ਸਮਝਾ ਦੇਵੇਗਾ ਕਿ ਉਸ ਇਕ ਸੱਚੇ ਖ਼ੁਦਾ ਨੂੰ ਛੱਡ ਕੇ ਕਿਸੇ ਦੀ ਵੀ ਬੰਦਗੀ ਅਤੇ ਉਹਦੀ ਮਰਜ਼ੀ

ਬਗ਼ੈਰ ਕੀਤੀ ਗਈ ਬੰਦਗੀ ਵੀ ਨਾ-ਮੰਜ਼ੂਰ ਹੁੰਦੀ ਹੈ। ਸਹੀ ਅਤੇ ਗ਼ਲਤ ਬੰਦਗੀ ਦਾ ਫ਼ੈਸਲਾ ਵੀ ਖ਼ੁਦਾ ਖ਼ੁਦ ਹੀ ਕਰੇਗਾ।

**ਪਰਿਵਾਰ**

''ਪ੍ਰਮੇਸ਼ਵਰ ਦੀ ਨਸਲ'' (ਮਲਾਕੀ 2:15) ਦੀ ਇੱਛਾ ਕਰਕੇ ਹੀ ਪਵਿੱਤਰ ਪਿਤਾ ਨੇ ਆਦਮ ਲਈ ਇਕ ਪਤਨੀ ਅਤੇ ਹੱਵ੍ਹਾ ਲਈ ਇਕ ਪਤੀ ਦੀ ਇੱਛਾ ਕੀਤੀ ਸੀ। ਖ਼ੁਦਾ ਨੂੰ ਤਲਾਕ ਪਸੰਦ ਨਹੀਂ ਹੈ (ਮਲਾਕੀ 2:14-16)। ਆਦਮੀ ਅਤੇ ਔਰਤ ਨੂੰ ਵਿਆਹ ਵਿਚ ਅਜਿਹੀ ਏਕਤਾ ਵਿਚ ਬੰਨ੍ਹਿਆ ਜਾਂਦਾ ਹੈ ਕਿ ਖ਼ੁਦਾ ਕਿਸੇ ਹੋਰ ਸਾਥੀ ਨੂੰ ਬਦਲਣ ਦੀ ਗੱਲ ਵੀ ਪਾਪ ਮੰਨਦਾ ਹੈ (ਮੱਤੀ 19:9)। ਮਾਰਨਾ ਕੁੱਟਣਾ, ਸ਼ਰਾਬ ਪੀਣਾ, ਬੇ-ਮੇਲਪਣ ਅਤੇ ਬੇਵਫ਼ਾਈ ਦੂਜੇ ਵਿਆਹ ਦੀ ਸੋਚਣ ਦੇ ਵਾਜਬ ਕਾਰਣ ਨਹੀਂ ਹਨ। ਇਸ ਤਰ੍ਹਾਂ ਕਰਨ ਦੇ ਪੌਲੁਸ ਦੇ ਹੁਕਮ ਨੂੰ ਵਿਸ਼ਵਾਸ ਨਾਲ ਮੰਨਣ ਵਾਲਾ ਸ਼ਖ਼ਸ ਵਚਨ ਦੇ ਖ਼ਿਲਾਫ਼ ਵਿਆਹ ਦੀ ਅਣਦੇਖੀ ਕਰਨ ਦੀ ਨਿੰਦਾ ਕਰੇਗਾ।

ਜ਼ਨਾਹ ਵਿਚ ਜ਼ਿੰਦਗੀ ਕੱਟਣ ਵਾਲੇ ਪਤੀ-ਪਤਨੀ ਨੂੰ, ਬਪਤਿਸਮੇ ਨਾਲ ਉਨ੍ਹਾਂ ਪਾਪ ਨੂੰ ਸ਼ੁੱਧ ਕਰਕੇ ਪਵਿੱਤਰ ਨਹੀਂ ਬਣਾਇਆ ਜਾ ਸਕਦਾ। ਜ਼ਨਾਹ ਦੀ ਵਜ੍ਹਾ ਨਾਲ ਛੱਡੇ ਹੋਏ ਨਾਲ ਵਿਆਹ ਕਰਨ ਵਾਲਾ ਉਸ ਨਾਲ ਜ਼ਨਾਹ ਕਰਦਾ ਹੈ। ਇਸ ਵਿਚ ਬੱਚੇ ਸ਼ਾਮਿਲ ਹਨ ਜਾਂ ਨਹੀਂ, ਵਿਆਹ ਦਾ ਵਾਅਦਾ ਬਪਤਿਸਮਾ ਲੈਣ ਤੋਂ ਪਹਿਲਾਂ ਕੀਤਾ ਗਿਆ ਹੈ ਜਾਂ ਨਹੀਂ, ਇਨ੍ਹਾਂ ਨਾਲ ਵਿਆਹ ਬਾਰੇ ਵਿਚ ਖ਼ੁਦਾ ਦਾ ਨਿਯਮ ਨਹੀਂ ਬਦਲਦਾ। ਖ਼ੁਦਾ ਨੇ ਇਹ ਠਹਿਰਾਇਆ ਹੈ ਕਿ ਜ਼ਨਾਹਕਾਰ ਜਾਂ ਵਿਭਚਾਰੀ ਅੱਗ ਦੀ ਝੀਲ ਵਿਚ ਸੁੱਟੇ ਜਾਣ ਦੇ ਯੋਗ ਹੈ (ਗਲਾਤੀਆਂ 5:19, 21; ਪ੍ਰਕਾਸ਼ ਦੀ ਪੋਥੀ 21:8)। ਖ਼ੁਦਾ ਦੇ ਲੋਕ ਮਨੁੱਖ ਦੀ ਇੱਛਾ ਪੂਰੀ ਕਰਨ ਨੂੰ ਖ਼ੁਦਾ ਦੇ ਵਚਨ ਨੂੰ ਤੋੜਨ ਮਰੋੜਨ ਦੀ ਹਿੰਮਤ ਨਹੀਂ ਕਰਦੇ।

## ਜੋਸ਼

ਵਿਆਹ ਬਾਰੇ ਪ੍ਰਭੂ ਦੇ ਨਿਯਮਾਂ, ਮੁਕਤੀ ਦੀ ਯੋਜਨਾ ਅਤੇ ਸਿੱਖਿਆ ਦੀ ਹਰ ਗੱਲ ਵਿਚ ਕਾਇਮ ਰਹਿਣ ਵਾਲਾ ਪ੍ਰਚਾਰਕ ਜੇ ਆਲਸੀ ਮਸੀਹੀਆਂ ਨੂੰ ਜੋਸ਼ ਨਾਲ ਕੰਮ ਕਰਨ ਵਿਚ ਉਤਸ਼ਾਹਿਤ ਕਰਨ ਵਿਚ ਨਾਕਾਮ ਹੁੰਦਾ ਹੈ ਤਾਂ ਵਚਨ ਦਾ ਪ੍ਰਚਾਰ ਕਰਨ ਦੀ ਗੱਲ ਨੂੰ ਪੂਰਾ ਨਹੀਂ ਕਰ ਸਕਦਾ (1 ਕੁਰਿੰਥੀਆਂ 15:58)। ਖ਼ੁਦਾ ਦੇ ਦਾਸ ਲਈ ਅਰੁਚੀ ਨੂੰ ਸਾਹਮਣੇ ਲਿਆਉਣਾ, ਪੇਟ ਦੀ ਬੀਮਾਰੀ ਨੂੰ ਠੀਕ ਕਰਨਾ ਜ਼ਰੂਰੀ ਹੈ ਜਿਸ ਨਾਲ ਸੀਲਗਰਮ ਮਸੀਹੀ ਯਿਸੂ ਨੂੰ ਤਕਲੀਫ਼ ਦਿੰਦਾ ਹੈ (ਪ੍ਰਕਾਸ਼ ਦੀ ਪੋਥੀ 3:16)। ਜੋ ਭਲਾਈ ਕਰਨਾ ਜਾਣਦਾ ਹੈ ਪਰ ਨਹੀਂ ਕਰਦਾ, ਉਹਦੇ ਲਈ ਇਹ ਪਾਪ ਹੈ (ਯਾਕੂਬ 4:17)। ਅਸਲ 'ਚ, ਜਿਨ੍ਹਾਂ ਵਿਚ ਜੋਸ਼ ਹੈ ਪਰ ਗਿਆਨ ਦਾ ਫ਼ਲ ਨਹੀਂ ਹੈ ਉਨ੍ਹਾਂ ਲੋਕਾਂ ਨੂੰ ਨਿਆਂ ਦੇ ਦਿਨ ਅਜਿਹਾ ਹੀ ਫ਼ਲ ਮਿਲੇਗਾ ਜਿਹਾ ਉਨ੍ਹਾਂ ਨੂੰ ਜਿਨ੍ਹਾਂ ਨੂੰ ਗਿਆਨ ਤਾਂ ਹੈ ਪਰ ਜੋਸ਼ ਨਹੀਂ (ਲੂਕਾ 12:47, 48)। ''ਹੇ ਸੌਣ ਵਾਲਿਆ, ਜਾਗ, ਅਤੇ ਮੁਰਦਿਆਂ ਵਿੱਚੋਂ ਜੀ ਉੱਠ, ਤਾਂ ਮਸੀਹ ਤੇਰੇ ਉੱਤੇ ਚਮਕੇਗਾ'' (ਅਫ਼ਸੀਆਂ 5:14)।

## ਸਾਰ

ਪੌਲੁਸ ਵੱਲੋਂ ਤਿਮੋਥਿਉਸ ਨੂੰ ਦਿੱਤੇ ਹੁਕਮ ਤੋਂ ਵੱਡੀ ਕੋਈ ਚੁਣੌਤੀ ਨਹੀਂ ਹੈ ਕਿ ''ਵਚਨ ਦਾ ਪ੍ਰਚਾਰ ਕਰ।'' ਖ਼ੁਦਾ ਕਰੇ ਕਿ ਸਾਡੇ ਵਿੱਚੋਂ ਹਰ ਕੋਈ (1) ਵਚਨ ਤੇ ਵਿਸ਼ਵਾਸ ਕਰੇ, (2) ਵਚਨ ਦੀ ਗੱਲ ਮੰਨੇ ਅਤੇ (3) ਵਚਨ ਨੂੰ ਫੈਲਾਏ!

---

ਟਿੱਪਣੀਆਂ

[1]ਖ਼ਾਸ ਕਰਕੇ ਅਜਿਹਾ ਉਦੋਂ ਹੈ ਜਦ ਕੋਈ ਨੀਰੋ ਦੀ ਖ਼ੂਬਸੂਰਤ ਪਤਨੀ ਨੂੰ ਪੌਲੁਸ ਵੱਲੋਂ ਮਸੀਹ ਵਿਚ ਬਦਲਣ ਲਈ ਕ੍ਰਿਸੋਸਟਾਮ ਦੇ ਬ੍ਰਿਤਾਂਤ ਨੂੰ ਮੰਨਦਾ ਹੈ। ''ਉਹਦੇ (ਉਹਦੀ ਪਤਨੀ) ਅਪਵਿੱਤਰ ਸਮਝੌਤੇ ਨੂੰ ਬਹਾਲ ਕਰਨ ਦੇ ਇਨਕਾਰ ਕਰਨ ਤੋਂ ਗ਼ੁੱਸੇ ਵਿਚ ਆਏ ਤਾਨਾਸ਼ਾਹ ਦਾ ਗ਼ੁੱਸਾ ਇਸ ਰਸੂਲ 'ਤੇ ਭੜਕ ਉੱਠਿਆ ਅਤੇ ਉਹਨੇ ਇਹਨੂੰ ਮੌਤ ਦੀ ਸਜ਼ਾ ਦੇ ਦਿੱਤੀ'' (ਡੇਵਿਡ ਸਮਿੱਥ, *ਦਿ ਲਾਈਫ਼ ਐਂਡ ਲੈਟਰਜ਼ ਆਫ਼ ਸੇਂਟ ਪਾਲ* [ਨਿਊ ਯਾਰਕ: ਹਾਰਪਰ ਐਂਡ ਬ੍ਰਦਰਜ਼, ਮਿਤੀ ਰਹਿਤ], 639)। [2]ਰੈੱਡ ਲੈਂਟਰ ਐਡੀਸ਼ਨਾਂ (ਭਾਵ ਲਾਲ ਅੱਖਰਾਂ ਵਾਲੀਆਂ ਬਾਈਬਲਾਂ) ਤੋਂ ਇਹ ਪ੍ਰਭਾਵ ਜਾਂਦਾ ਹੈ ਕਿ ''ਲਾਲ ਅੱਖਰਾਂ ਵਿਚ ਦਿੱਤੇ ਗਏ ਸ਼ਬਦ ਮਸੀਹ ਦੇ ਹਨ,'' ਜਦ ਕਿ ਬਾਈਬਲ ਦਾ *ਹਰ* ਸ਼ਬਦ ਮਸੀਹ ਵੱਲੋਂ ਦਿੱਤਾ ਗਿਆ ਹੈ। [3]ਇਹ 1568 ਵਿਚ ਫਲੈਂਡਰਜ਼ ਵਿਚ ਡਾਉਆਇ ਕਾਲਜ ਦੇ ਆਕਸਫ਼ੋਰਡ ਵਿਦਵਾਨਾਂ ਦੀ ਇਕ ਟੀਮ ਵੱਲੋਂ ਤਿਆਰ ਕੀਤੇ ਗਏ ਕੈਥਲਿਕ ਅਨੁਵਾਦ ਦਾ Douai Version ਦਾ ਭਾਵ ਹੈ। [4]ਇਹ ਵਿਚਾਰ *ਮੈਕਗਰਵੇ'ਜ਼ ਸਰਮਨਜ਼* (ਡਿਲਾਈਟ, ਆਰਕੈਂਸਾ: ਗੌਸਪਲ ਲਾਈਟ ਪਬਲਿਸ਼ਿੰਗ ਕੰ., 1975), 97-98 ਵਿਚ ਜੇ. ਡਬਲਯੂ ਮੈਕਗਰਵੇ, ''ਰਿਪੇਂਟੈਂਸ'' ਵਿਚ ਸਪੱਸ਼ਟ ਹਨ।